# ਪਰਮੇਸ਼ੁਰ ਦੀ ਸੰਤਾਨ



# ਕਿਵੇਂ ਬਣੀਏ





ਗਵਾਹੀ ਸੰਸਕਰਣ

ਵਿੱਚ ਸ਼ਾਮਲ ਹੈ: ਆਪਣੀ ਕਹਾਣੀ ਕਿਵੇਂ ਦੱਸੀਏ ਅਤੇ ਗਵਾਹੀ ਕਿਵੇਂ ਦੇਈਏ

# ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ

# ਡੇਵਿਡ ਹਾਵਲ

## ਇਸ ਸੇਵਕਾਈ ਵਿੱਚ ਸਹਿਯੋਗ ਦਿਓ

ਪ੍ਰਿਜ਼ਨ ਇਵੈਂਜਲਿਜ਼ਮ ਸੇਵਕਾਈ ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ ਨੂੰ ਪ੍ਰਕਾਸ਼ਤ ਕਰਦੀ ਹੈ ਅਤੇ ਅਮਰੀਕਾ ਵਿੱਚ 2100 ਜੇਲ੍ਹਾਂ ਵਿੱਚ ਬੰਦ ਵੀਹ ਲੱਖ ਕੈਦੀਆਂ ਨੂੰ ਮੁਫਤ ਵੰਡਦੀ ਹੈ। ਇਹ ਕੰਮ ਯਿਸੂ ਮਸੀਹ ਪ੍ਰਤੀ ਪਿਆਰ ਅਤੇ ਭਰੋਸੇ ਦੇ ਦੁਆਰਾ ਪੂਰਾ ਕੀਤਾ ਜਾਂਦਾ ਹੈ। ਜੇ ਹਿਰਦਾ-ਪਰਿਵਰਤਨ ਨਹੀਂ ਹੁੰਦਾ ਤਾਂ ਪੰਜਾਂ ਸਾਲਾਂ ਦੇ ਅੰਦਰ 70% ਲੋਕ ਵਾਪਸ ਜੇਲ੍ਹ ਵਿੱਚ ਹੋਣਗੇ।

ਆਪਣਾ ਆਰਥਿਕ ਸਹਿਯੋਗ ਦੇਣ ਦੁਆਰਾ ਕੈਦੀਆਂ ਨੂੰ ਸਦਾ ਲਈ ਆਜ਼ਾਦ ਕਰਨ ਵਿੱਚ ਸਾਡੀ ਸਹਾਇਤਾ ਕਰੋ।

ਤੁਸੀਂ ਆਪਣੀ ਸੇਵਕਾਈ ਲਈ ਇੱਥੋਂ ਪੁਸਤਕਾਂ ਖਰੀਦ ਸਕਦੇ ਹੋ:
**howtobeachildofgod.com**

ਸਾਰੇ ਮੁਨਾਫ਼ੇ ਨਾਲ ਜੇਲ੍ਹਾਂ ਵਾਸਤੇ ਹੋਰ ਪੁਸਤਕਾਂ ਖਰੀਦੀਆਂ ਜਾਂਦੀਆਂ ਹਨ।

ਤੁਸੀਂ ਇਸ ਵੈਬਸਾਈਟ ਰਾਹੀਂ ਸਿੱਧਾ ਇਸ ਸੇਵਕਾਈ ਲਈ ਆਪਣੇ ਦਾਨ ਭੇਜ ਸਕਦੇ ਹੋ: **prisonevangelism.com**

ਫੇਸਬੁੱਕ: @ ਪ੍ਰਿਜ਼ਨ ਇਵੈਂਜਲਿਜ਼ਮ, ਇੰਕ. ਅਤੇ @ ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ

ਤੁਸੀਂ ਇਸ ਪਤੇ ’ਤੇ ਆਪਣੇ ਚੈੱਕ ਵੀ ਭੇਜ ਸਕਦੇ ਹੋ: ਪ੍ਰਿਜ਼ਨ ਇਵੈਂਜਲਿਜ਼ਮ
PO Box 571977
Houston, Texas
77257

ਕਾਪੀਰਾਈਟ @ 2019 ਡੇਵਿਡ ਹਾਵਲ ਦੁਆਰਾ ਸਾਰੇ ਅਧਿਕਾਰ ਸਰੱਖਿਅਤ। ਡੇਵਿਡ ਹਾਵਲ ਦੀ ਲਿਖਤੀ ਅਨੁਮਤੀ ਤੋਂ ਬਿਨਾਂ ਇਸ ਪ੍ਰ- ਕਾਸ਼ਨ ਦਾ ਕੋਈ ਵੀ ਹਿੱਸਾ ਕਿਸੇ ਵੀ ਰੂਪ ਵਿੱਚ ਦੁਬਾਰਾ ਪ੍ਰਕਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਪੁਸਤਕ ਨੂੰ ਸਿੱਖਿਆ ਅਤੇ ਖੁਸ਼ਖ਼ਬਰੀ ਪ੍ਰਚਾਰ ਦੇ ਉਦੇਸ਼ਾਂ ਲਈ ਵਧੇਰੇ ਗਿਣਤੀ ਵਿੱਚ ਖਰੀਦਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਪ੍ਰਕਾਸ਼ਕ ਨਾਲ ਸੰਪਰਕ ਕਰੋ।

David Howell
PO Box 571977
Houston, Texas 77257
davidhowell@aol.com
info@HowtobeaChildofGod.com
www.HowtobeaChildofGod.com

SEE THIS EBOOK AND WATCH THIS VIDEO
@ WWW.PRISONEVANGELISM.COM

Unless otherwise indicated, all Scripture quotations are taken from the Holy Bible, New Living Translation, copyright © 1996, 2004, 2007 by Tyndale House Foundation. Used by permission of Tyndale House Publishers, Inc., Carol Stream, Illinois 60188. All rights reserved.

ISBN: 978-0-578-14157-2

Art direction by John Magee, Houston, Texas
JohnMageeDesign.com

ਸਾਰੇ ਉਦਾਹਰਣ ਰੈਂਡੀ ਰੋਜਰਸ, The Woodlands, Texas
artistguy@att.net ਵੱਲੋਂ ਹਨ।

# ਜਾਣ-ਪਛਾਣ

"ਅਸਲ ਵਿੱਚ, ਜੇ ਮਸੀਹ ਅਤੇ ਉਸ ਦੀ ਸਲੀਬ ਦੀ ਇੱਕ ਪੂਰੀ ਪੇਸ਼ਕਾਰੀ ਸ਼ੁਰੂ ਤੋਂ ਹੀ ਸਾਡੇ ਲਈ ਕੀਤੀ ਜਾਂਦੀ ਹੈ, ਤਾਂ ਅਸੀਂ ਆਪਣੀ ਮਸੀਹੀ ਜ਼ਿੰਦਗੀ ਦੇ ਪਹਿਲੇ ਦਿਨ ਤੋਂ ਇੱਕ ਬਹੁਤ ਵੱਡੇ ਅਨੁਭਵ ਵਿੱਚ ਕਦਮ ਰੱਖ ਸਕਦੇ ਹਾਂ, ਹਾਲਾਂਕਿ ਇਸਦੇ ਬਹੁਤ ਸਾਰੇ ਵੇਰਵੇ ਦੀ ਪੂਰੀ ਵਿਆਖਿਆ ਸਿਰਫ ਬਾਅਦ ਵਿੱਚ ਹੀ ਹੋ ਸਕਦੀ ਹੈ।

ਵਾਚਮੈਨ ਨੀ, ਨਾਰਮਲ ਕ੍ਰਿਸ਼ਚੀਅਨ ਲਾਈਫ

ਜਦੋਂ ਅਸੀਂ ਯਿਸੂ ਮਸੀਹ ਉੱਤੇ ਪ੍ਰਭੂ, ਪਰਮੇਸ਼ੁਰ, ਮੁਕਤੀਦਾਤਾ ਅਤੇ ਜੀਵਨ ਵਜੋਂ ਵਿਸ਼ਵਾਸ ਕਰਦੇ ਹਾਂ, ਤਾਂ ਅਸੀਂ ਉਸ ਨੂੰ ਸਾਡੀ ਇੱਛਾ ਉੱਤੇ ਪ੍ਰਭੁਤਾ ਕਰਨ ਅਤੇ ਸਾਡੀਆਂ ਜ਼ਿੰਦਗੀਆਂ ਸੰਭਾਲਣ ਲਈ ਵੀ ਕਹਿ ਰਹੇ ਹਾਂ। ਅਸਲ ਵਿੱਚ ਉਹ ਸਾਡੀ ਜ਼ਿੰਦਗੀ ਬਣ ਜਾਂਦਾ ਹੈ। ਅਸੀਂ ਬਦਲ ਜਾਂਦੇ ਹਾਂ; ਕਈ ਵਾਰ ਤੇਜ਼ੀ ਨਾਲ, ਕਈ ਵਾਰ ਹੌਲੀ-ਹੌਲੀ, ਪਰ ਤਬਦੀਲੀ ਹਮੇਸ਼ਾ ਆਉਂਦੀ ਹੈ। ਪਰਮੇਸ਼ੁਰ ਦਾ ਆਤਮਾ ਸਾਡੇ ਵਿੱਚ ਰਹਿਣ ਲਈ ਆਉਂਦਾ ਹੈ ਅਤੇ ਸਾਨੂੰ ਪੂਰਣ, ਜੀਵਤ ਅਤੇ ਸੰਪੂਰਨ ਬਣਾਉਂਦਾ ਹੈ। ਜਦੋਂ ਅਸੀਂ ਵਿਸ਼ਵਾਸ ਕਰਦੇ ਹਾਂ ਅਤੇ ਆਪਣੇ ਦਿਲਾਂ ਨੂੰ ਪਰਮੇਸ਼ੁਰ ਨੂੰ ਸੌਂਪਦੇ ਹਾਂ, ਤਾਂ ਜ਼ਿੰਦਗੀ ਪਹਿਲਾਂ ਵਰਗੀ ਨਹੀਂ ਰਹੇਗੀ।

ਡੇਵਿਡ ਹਾਵਲ

ਪਰਮੇਸ਼ੁਰ ਸਵਰਗ ਵਿੱਚ ਸੀ ਅਤੇ ਮਨੁੱਖ ਦੇ ਰੂਪ ਵਿੱਚ ਧਰਤੀ ਤੇ ਆਇਆ।



ਫਿਲਿੱਪੀਆਂ 2:6-8, ਯੂਹੰਨਾ 1:14, ਇਬਰਾਨੀਆਂ 1:3, ਰੋਮੀਆਂ 8:3 ਅ, ਯੂਹੰਨਾ 10:30,
ਕੁਲੁੱਸੀਆਂ 1:15, ਕੁਲੁੱਸੀਆਂ 2:9, ਇਬਰਾਨੀਆਂ 2:11-17, ਮੱਤੀ 1:20-21

ਉਹ ਇੱਕ ਚਮਤਕਾਰੀ ਢੰਗ ਨਾਲ ਗਰਭ ਵਿੱਚ ਆਇਆ ਸੀ,
ਪਰ ਉਹ ਸਾਡੇ ਵਾਂਗ ਹੀ ਇੱਕ ਔਰਤ ਤੋਂ ਪੈਦਾ ਹੋਇਆ ਸੀ।



ਯਿਸੂ ਬਚਪਨ ਅਤੇ ਜਵਾਨੀ ਦੇ ਦੌਰ ਵਿੱਚੋਂ ਲੰਘਿਆ, ਇੱਕ ਕਿੱਤਾ ਸਿੱਖਿਆ, ਅਤੇ ਜਦੋਂ ਉਸ ਦਾ ਸਮਾਂ ਆਇਆ, ਉਸ ਨੇ ਆਪਣੀ ਸੇਵਕਾਈ ਸ਼ੁਰੂ ਕੀਤੀ ਜੋ ਉਹ ਕਰਨ ਲਈ ਆਇਆ ਸੀ, ਆਪਣੇ ਆਪ ਨੂੰ ਪਰਮੇਸ਼ੁਰ ਅਤੇ ਮੁਕਤੀਦਾਤਾ ਦੇ ਰੂਪ ਵਿੱਚ ਪ੍ਰਗਟ ਕਰਦੇ ਹੋਏ।



ਮੱਤੀ 3:13-17, ਮੱਤੀ 7:28-29, ਮਰਕੁਸ 6:2-3, ਲੂਕਾ 2:40, ਲੂਕਾ 2:41-47, ਲੂਕਾ 2:52




ਮੱਤੀ 26:28-29, ਮੱਤੀ 27:57- 61, ਰੋਮੀਆਂ 5:6, ਰੋਮੀਆਂ 8:3, ਅਫ਼ਸੀਆਂ 1:7,
ਇਬਰਾਨੀਆਂ 2:14 -15, ਇਬਰਾਨੀਆਂ 9:22, 1 ਪਤਰਸ 2:24, 1 ਯੂਹੰਨਾ 1:7




ਅਸੀਂ ਉਸ ਦੇ ਨਾਲ ਇੱਕ ਨਿਜੀ ਸੰਬੰਧ ਕਾਇਮ ਕਰ ਸਕੀਏ ਅਤੇ ਸਾਨੂੰ ਆਪਣੀ ਸਦੀਪਕ ਜੀਵਨ ਦੀ ਦਾਤ ਦੇਣ ਲਈ ਆਇਆ। ਸਦੀਪਕ ਜੀਵਨ ਮਸੀਹ ਦਾ ਜੀਵਨ ਹੈ। **ਇਸ ਦੀ ਕੋਈ ਸ਼ੁਰੂਆਤ ਨਹੀਂ ਹੈ ਅਤੇ ਇਸ ਦਾ ਕੋਈ ਅੰਤ ਨਹੀਂ ਹੈ।**

ਲੂਕਾ 24:1-7, ਲੂਕਾ 24:50-51, ਯੂਹੰਨਾ 16:28, ਇਬਰਾਨੀਆਂ 1:3

ਇਹ ਸਭ ਕਿਉਂ ਜ਼ਰੂਰੀ ਸੀ? ਕਿਉਂਕਿ ਜਦੋਂ ਪਰਮੇਸ਼ੁਰ ਨੇ ਪਹਿਲੇ ਮਨੁੱਖ, ਆਦਮ ਨੂੰ ਬਣਾਇਆ, ਉਸ ਨੇ ਉਸ ਨੂੰ ਫਿਰਦੌਸ ਵਿੱਚ ਇੱਕ ਸ਼ਾਨਦਾਰ ਜ਼ਿੰਦਗੀ ਦਿੱਤੀ, ਪਰ ਆਦਮ ਨੇ ਆਪਣੇ ਸਵਰਗੀ ਪਿਤਾ ਦੀ ਆਗਿਆ ਨਹੀਂ ਮੰਨੀ। ਆਦਮ ਆਪਣੀ ਅਣਆਗਿਆਕਾਰੀ ਦੇ ਸੁਆਰਥੀ ਕੰਮ



ਕਾਰਨ, ਪਰਮੇਸ਼ੁਰ ਤੋਂ ਵੱਖ ਹੋ ਗਿਆ ਅਤੇ ਆਤਮਿਕ ਤੌਰ ‘ਤੇ ਮਰ

ਗਿਆ। ਉਸ ਸਮੇਂ ਤੋਂ, ਮਨੁੱਖ ਦਾ ਇੱਕ ਸਰੀਰ ਅਤੇ ਪ੍ਰਾਣ (ਸ਼ਖਸੀਅਤ) ਸੀ, ਪਰ ਆਤਮਿਕ ਤੌਰ ਤੇ ਉਹ ਪਰਮੇਸ਼ੁਰ ਲਈ ਮਰ ਗਿਆ ਸੀ। ਉਹ ਪੂਰਣ ਨਹੀਂ ਸੀ ਅਤੇ ਹੁਣ ਉਨ੍ਹਾਂ ਬਰਕਤਾਂ ਦਾ ਅਨੁਭਵ ਨਹੀਂ ਕਰ ਸਕਦਾ ਸੀ ਜੋ ਪਰਮੇਸ਼ੁਰ ਨੇ ਰੱਖੀਆਂ ਸਨ।

ਉਤਪਤ 2:8-9, ਉਤਪਤ 3:2-6, ਉਤਪਤ 2:16-17, ਉਤਪਤ 3:23, 1 ਕੁਰਿੰਥੀਆਂ 15:45-46

ਅਸੀਂ ਸਾਰੇ ਉਸ ਆਦਮ ਦੇ ਵੰਸ਼ ਤੋਂ ਆਉਂਦੇ ਹਾਂ। ਅਦਨ ਦੇ ਬਾਗ਼ ਵਿੱਚ ਅਸੀਂ ਆਦਮ ਨਾਲ ਆਤਮਿਕ ਤੌਰ ‹ਤੇ ਮਰ ਗਏ। ਅਸੀਂ ਉਸ ਵੰਸ਼ ਦੇ ਭਾਰ ਤੋਂ ਇਲਾਵਾ, ਸਾਡੇ ਆਪਣੇ ਪਾਪਾਂ ਦੇ



ਬੋਝ ਅਤੇ ਭਾਵਨਾਤਮਕ ਬੋਝ ਨੂੰ ਵੀ ਲੈਂਦੇ ਹਾਂ ਜੋ ਅਸੀਂ ਧਰਤੀ ਉੱਤੇ ਆਪਣੇ ਜੀਵਨ ਕਾਲ ਵਿੱਚ ਚੁੱਕਦੇ ਹਾਂ। ਇਹ ਸ਼ਰਮ, ਗੁਨਾਹ, ਪਿਛਲੀਆਂ ਸਮੱਸਿਆਵਾਂ, ਅਤੇ ਸਾਡੇ ਪਾਪਾਂ ਅਤੇ ਚਰਿੱਤਰ ਸੰਬੰਧੀ ਬੁਰਾਈਆਂ ਅਤੇ ਬੁਰੀਆਂ ਭਾਵਨਾਵਾਂ ਦਾ ਇੱਕ ਅਸਲ ਬੋਝ ਹੈ। ਸਾਨੂੰ ਇੱਕ ਨਵੇਂ ਵੰਸ਼ ਅਤੇ ਇੱਕ ਨਵੇਂ ਪਰਿਵਾਰ ਦੀ ਜ਼ਰੂਰਤ ਹੈ।

ਰੋਮੀਆਂ 3:23, ਰੋਮੀਆਂ 5:12, ਰੋਮੀਆਂ 5:18ੳ



ਇੱਕ ਦਿਨ, ਇੱਕ ਵਿਅਕਤੀ ਆਇਆ ਅਤੇ ਉਸ ਨੇ ਯਿਸੂ ਦੀ ਕਹਾਣੀ ਦੱਸੀ, ਕਿ ਕਿਵੇਂ ਉਹ ਸਾਡੇ ਵਿੱਚੋਂ ਹਰ ਇੱਕ ਨੂੰ ਸਾਡੇ ਲਈ ਆਪਣੇ ਮਰਨ ਦੁਆਰਾ ਸਦੀਪਕ ਜੀਵਨ ਦੇਣ ਅਤੇ ਸਦੀਪਕ ਮੌਤ ਤੋਂ ਬਚਾਉਣ ਆਇਆ। ਯਿਸੂ ਸਾਨੂੰ ਸਾਰਿਆਂ ਨੂੰ ਬਾਹਰ ਕੱਢਣ ਲਈ, ਪੂਰੀ ਮਾਫ਼ੀ ਦਾ ਅਨੁਭਵ ਦੇਣ ਲਈ, ਸ਼ਰਤ ਰਹਿਤ ਪਿਆਰ, ਅਤੇ ਉਸ ਦੇ ਦੁਆਰਾ ਸਦੀਪਕ ਜੀਵਨ ਦੀ ਆਸ ਦੇਣ ਲਈ, ਮਾਰਿਆ ਗਿਆ।

ਹਿਜ਼ਕੀਏਲ 36:26-27, ਰਸੂਲਾਂ ਦੇ ਕਰਤੱਬ 4:12, ਰੋਮੀਆਂ 5:9, 1 ਕੁਰਿੰਥੀਆਂ 15:57, 2 ਕੁਰਿੰਥੀਆਂ 5:18 ੳ, ਗਲਾਤੀਆਂ 1:15-16, ਅਫ਼ਸੀਆਂ 2:8-9, 1 ਤਿਮੋਥਿਉਸ 2:5-6

ਪੰਨਾ 9 ਯਿਸੂ ਇਸ ਲਈ ਵੀ ਆਇਆ ਸੀ ਕਿ ਤੁਸੀਂ ਅਤੇ ਮੈਂ ਹੁਣ ਉਸ ਨਾਲ ਇੱਕ ਸੰਬੰਧ ਦੁਆਰਾ ਇਸ ਧਰਤੀ 'ਤੇ ਸ਼ਾਂਤੀ ਅਤੇ ਭਰਪੂਰ ਜ਼ਿੰਦਗੀ ਪਾ ਸਕੀਏ। ਉਹ ਸਾਨੂੰ ਵਿਖਾਉਣਾ ਚਾਹੁੰਦਾ ਹੈ ਕਿ ਕਿਵੇਂ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਹੈ। ਯਿਸੂ ਜੀਉਣ ਲਈ ਉਮੀਦ ਅਤੇ ਇੱਕ ਨਵੀਂ ਸ਼ੈਲੀ ਦਿੰਦਾ ਹੈ। ਸਾਡੇ ਸੁਭਾਵਿਕ ਤਰੀਕੇ ਸਾਨੂੰ ਸਵੈ-ਲੀਨਤਾ ਅਤੇ ਉਥਲ-ਪੁਥਲ ਵਿੱਚ ਪਾਉਂਦੇ ਹਨ। ਉਨ੍ਹਾਂ ਨੇ ਕੰਮ ਨਹੀਂ ਕੀਤਾ।



ਯੂਹੰਨਾ 10:10, ਰੋਮੀਆਂ 6:16, ਰੋਮੀਆਂ 6:21, ਰੋਮੀਆਂ 8:37, ਅਫ਼ਸੀਆਂ 2:14, ਪਰਕਾਸ਼ ਦੀ ਪੋਥੀ 3:20



ਸਫ਼ਾ 10 ਜਦੋਂ ਅਸੀਂ ਪਰਮੇਸ਼ੁਰ ਤੋਂ ਵੱਖ ਹਾਂ ਤਾਂ ਅਸੀਂ ਸ਼ਾਂਤੀ ਨਹੀਂ ਪਾ ਸਕਦੇ। ਚੋਣਾਂ, ਜਿਹੜੀਆਂ ਅਸੀਂ ਹਰ ਰੋਜ਼ ਕਰਦੇ ਹਾਂ, ਉਹ ਸਵੈ-ਕੇਂਦ੍ਰਿਤ ਹਨ ਅਤੇ ਸਾਨੂੰ ਨਿਰਾਸ਼ ਅਤੇ ਪਰਮੇਸ਼ੁਰ ਨਾਲ ਸੰਗਤ ਤੋਂ ਵੱਖ ਰੱਖਦੀਆਂ ਹਨ। ਸਾਡੇ ਸਵਰਗੀ ਪਿਤਾ ਨਾਲ ਸ਼ਾਂਤੀਪੂਰਣ ਏਕਤਾ ਲਈ ਸਾਡੀ ਬਹੁਤ ਤਾਂਘ ਹੈ, ਪਰ ਸਾਡੇ ਕੋਲ ਉਸ ਆਤਮਿਕ ਸੰਬੰਧ ਦੀ ਘਾਟ ਹੈ। ਸਾਡੀ ਆਪਣੀ “ਸਭ ਤੋਂ ਚੰਗੀ ਸੋਚ” ਅਤੇ ਚੰਗੇ ਇਰਾਦਿਆਂ ਨੇ ਸਾਨੂੰ ਇਸ ਗੜਬੜ ਵਿੱਚ ਪਾ ਦਿੱਤਾ।

ਉਪਦੇਸ਼ਕ ਦੀ ਪੋਥੀ 3:11, ਰੋਮੀਆਂ 6:16, ਲੂਕਾ 1:78-79, ਯੂਹੰਨਾ 16:33, ਰੋਮੀਆਂ 5:1-2, ਰੋਮੀਆਂ 8:6

ਅਸੀਂ ਉਸ ਖਾਈ ਨੂੰ ਭਰਨ ਦੀ ਕੋਸ਼ਿਸ਼ ਕਰਦੇ ਹਾਂ ਜੋ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦੀ ਹੈ ਅਤੇ ਅਸੀਂ ਉਸ ਨਾਲ ਰਿਸ਼ਤੇ ਨੂੰ ਮੁੜ ਸਥਾਪਿਤ ਕਰਨ ਦੇ ਤਰੀਕੇ ਭਾਲਦੇ ਹਾਂ। ਕੋਈ ਕੰਮ ਨਹੀਂ ਕਰਦਾ। ਕੇਵਲ ਯਿਸੂ ਮਸੀਹ ਉੱਤੇ ਵਿਸ਼ਵਾਸ ਦੁਆਰਾ ਹੀ ਅਸੀਂ ਪਿਤਾ ਪਿਤਾ ਨਾਲ ਜੁੜ ਸਕਦੇ ਹਾਂ।




ਕਹਾਉਤਾਂ 14:12, ਰੋਮੀਆਂ 6:23, ਰੋਮੀਆਂ 3:23



ਇਹ ਉਹੀ ਯਿਸੂ ਹੈ ਜਿਹੜਾ ਸਾਡੇ ਸਾਰੇ ਪਾਪਾਂ, ਨੁਕਸਾਂ ਅਤੇ ਚਰਿੱਤਰ-ਖਰਾਬੀਆਂ ਲਈ ਮਰਿਆ; ਅਤੀਤ, ਵਰਤਮਾਨ ਅਤੇ ਭਵਿੱਖ ਦੇ। ਉਸ ਦੇ ਲਹੂ ਦੁਆਰਾ, ਅਸੀਂ ਸ਼ੁੱਧ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਦੇ ਸਾਹਮਣੇ ਧਰਮੀ ਬਣ ਸਕਦੇ ਹਾਂ। ਅਸੀਂ ਪਰਮੇਸ਼ੁਰ ਪਿਤਾ ਤੋਂ ਪੂਰਣ ਮਾਫੀ ਅਤੇ ਬਿਨਾਂ ਸ਼ਰਤ ਪਿਆਰ ਪ੍ਰਾਪਤ ਕਰ ਸਕਦੇ ਹਾਂ। ਆਪਣੀ ਮੌਤ ਅਤੇ ਫਿਰ ਜੀ ਉੱਠਣ ਦੁਆਰਾ, ਯਿਸੂ ਨੇ ਪਰਮੇਸ਼ੁਰ ਅਤੇ ਮਨੁੱਖ ਦੇ ਵਿਚਕਾਰ ਦੀ ਖਾਈ ਨੂੰ ਭਰਿਆ। ਇਸ ਲਈ ਉਹ ਸੰਸਾਰ ਦਾ ਮੁਕਤੀਦਾਤਾ ਹੈ।

ਯੂਹੰਨਾ 3:16, ਆਈ ਪਤਰਸ 3:18, 1 ਤਿਮੋਥਿਉਸ 2:5-6, ਰੋਮੀਆਂ 5:1

ਸਾਡੇ ਸਾਰਿਆਂ ਕੋਲ ਇਸ ਸੱਚ ਨੂੰ ਸਵੀਕਾਰਣ ਜਾਂ ਰੱਦ ਕਰਨ ਦਾ ਮੌਕਾ ਹੈ। ਜੇ ਅਸੀਂ ਇਨ੍ਹਾਂ ਘਟਨਾਵਾਂ ਨੂੰ ਸੱਚ ਮੰਨ ਲੈਂਦੇ ਹਾਂ ਅਤੇ ਯਿਸੂ ਦੇ ਪਰਮੇਸ਼ੁਰ ਹੋਣ ਉੱਤੇ ਭਰੋਸਾ ਕਰਦੇ ਹਾਂ, ਤਾਂ ਅਸੀਂ ਯਿਸੂ ਵਾਂਗ ਹੀ ਸਾਰੇ ਅਧਿਕਾਰਾਂ ਅਤੇ ਲਾਭਾਂ ਨਾਲ ਪਰਮੇਸ਼ੁਰ ਦੀ ਸੰਤਾਨ ਬਣ ਜਾਂਦੇ ਹਾਂ। ਅਸੀਂ ਯਿਸੂ ਮਸੀਹ ਦੇ ਸਹਿ-ਵਾਰਸ ਅਤੇ ਉਸ ਦੇ ਇੱਕ ਭਰਾ ਜਾਂ ਭੈਣ ਬਣ ਜਾਂਦੇ ਹਾਂ। ਆਪਣੀ ਇੱਛਾ ਅਤੇ ਜ਼ਿੰਦਗੀ ਨੂੰ ਪੂਰਣ ਤਿਆਗ ਨਾਲ ਉਸ ਦੇ ਹੱਥ ਵਿੱਚ ਦੇਵੋ। ਇਹ ਗੁੰਝਲਦਾਰ ਨਹੀਂ ਹੈ, ਪਰ ਇਹ ਸਭ ਤੋਂ ਮੁਸ਼ਕਲ ਕੰਮਾਂ ਵਿੱਚੋਂ ਇੱਕ ਹੋ ਸਕਦਾ ਹੈ ਜੋ ਤੁਸੀਂ ਕੀਤਾ ਹੈ। ਜੇ ਤੁਸੀਂ ਸੱਚਮੁੱਚ ਪਰਮੇਸ਼ੁਰ ਦੇ ਵਾਅਦਿਆਂ ਅਤੇ ਉਸ ਅਨੰਦ ਦਾ ਅਨੁਭਵ ਕਰਨਾ ਚਾਹੁੰਦੇ ਹੋ ਜੋ ਉਸ ਨਾਲ ਸੰਗਤ ਦੁਆਰਾ ਪ੍ਰਾਪਤ ਹੁੰਦਾ ਹੈ, ਤਾਂ ਉਸ ਨੂੰ ਆਪਣੀ ਜ਼ਿੰਦਗੀ ਨੂੰ ਸੰਭਾਲਣ ਲਈ ਕਹੋ। ਜੇ ਤੁਸੀਂ ਗੰਭੀਰ ਹੋ, ਤਾਂ ਸਰਲ ਪ੍ਰਾਰਥਨਾ ਹੀ ਕਾਫੀ ਹੈ....ਕਿਉਂਕਿ ਪਰਮੇਸ਼ੁਰ ਸਾਡੇ ਦਿਲ ਨੂੰ ਵੇਖਦਾ ਹੈ। ਆਪਣੇ ਆਪ ਨੂੰ ਇਸ ਸਰਲ ਪ੍ਰਾਰਥਨਾ ਨਾਲ ਉਸ ਨੂੰ ਸੌਂਪ ਦੇਵੋ। ਜਦੋਂ ਤੁਸੀਂ ਭਰੋਸਾ ਕਰਦੇ ਹੋ ਅਤੇ ਵਿਸ਼ਵਾਸ ਕਰਦੇ ਹੋ ਤਾਂ ਇਹ ਸਭ ਕੁਝ ਲੋੜੀਂਦਾ ਹੈ!



ਅਫ਼ਸੀਆਂ 2:13, ਯੂਹੰਨਾ 14:6, ਇਬਰਾਨੀਆਂ 4:3, ਇਬਰਾਨੀਆਂ 4:7

"ਸਵਰਗੀ ਪਿਤਾ, ਮੈਂ ਤੁਹਾਨੂੰ ਆਪਣੇ ਆਪ ਨੂੰ ਸੌਂਪਦਾ ਹਾਂ----ਮੈਨੂੰ ਬਦਲਣ ਅਤੇ ਮੇਰੇ ਨਾਲ ਉਹ ਕਰਨ ਲਈ ਜੋ ਤੁਸੀਂ ਚਾਹੁੰਦੇ ਹੋ। ਮੇਰੇ ਜੀਵਨ ਨੂੰ ਕਾਬੂ ਵਿੱਚ ਰੱਖੋ ਅਤੇ ਮੈਨੂੰ ਆਪਣੇ ਸੁਆਰਥ ਦੇ ਮਾਰਗਾਂ ਤੋਂ ਛੁਟਕਾਰਾ ਦਿਉ, ਤਾਂ ਜੋ ਮੈਂ ਤੁਹਾਡੀ ਮਰਜ਼ੀ ਪੂਰੀ ਕਰ ਸਕਾਂ। ਮੈਨੂੰ ਮੇਰੇ ਪਾਪ ਉੱਤੇ ਜਿੱਤ ਦਿਉ ਤਾਂ ਜੋ ਮੈਂ ਉਨ੍ਹਾਂ ਲਈ ਇੱਕ ਉਦਾਹਰਣ ਬਣ ਸਕਾਂ ਜਿੰਨ੍ਹਾਂ ਦੀ ਮੈਂ ਤੁਹਾਡੀ ਸਮਰੱਥਾ ਅਤੇ ਤੁਹਾਡੇ ਪਿਆਰ ਦੁਆਰਾ ਮਦਦ ਕਰਨ ਲਈ ਹਾਂ। ਮੈਂ ਤੁਹਾਡੇ ਅਨੁਸਾਰ ਜੀਵਨ ਜੀਣ ਲਈ ਖੁਦ ਨੂੰ ਸਮਰਪਿਤ ਕਰਦਾ ਹਾਂ। ਮੈਂ ਤੁਹਾਡੇ ਤੇ ਭਰੋਸਾ ਕਰਾਂ ਅਤੇ ਹਮੇਸ਼ਾ ਤੁਹਾਡੀ ਇੱਛਾ ਪੂਰੀ ਕਰਾਂ! ਪ੍ਰਭੂ ਯਿਸੂ ਆਓ ਅਤੇ ਮੇਰੇ ਦੁਆਰਾ ਆਪਣੀ ਜ਼ਿੰਦਗੀ ਜੀਓ। ਆਮੀਨ।"



ਆਪਣੇ ਮੂੰਹ ਨਾਲ ਕਹੋ ਅਤੇ ਆਪਣੇ ਦਿਲ ਵਿੱਚ ਵਿਸ਼ਵਾਸ ਕਰੋ ਕਿ ਯਿਸੂ ਮਾਰਿਆ ਗਿਆ, ਦਫ਼ਨਾਇਆ ਗਿਆ, ਅਤੇ ਦੁਬਾਰਾ ਜੀਉਂਦਾ ਹੋਇਆ। ਉਸ ’ਤੇ ਭਰੋਸਾ ਰੱਖੋ ਕਿ ਉਹ ਸਰੀਰ ਵਿੱਚ ਪਰਮੇਸ਼ੁਰ ਹੈ ਅਤੇ ਉਸ ਪਰਮੇਸ਼ੁਰ ਦੀ ਸੰਤਾਨ ਅਤੇ ਅਤੇ ਮਸੀਹ ਨਾਲ ਸਹਿ-ਵਾਰਸ ਬਣੋ।

ਯੂਹੰਨਾ 11:25-26, ਯੂਹੰਨਾ 14:6-7, ਰੋਮੀਆਂ 10:9, ਰੋਮੀਆਂ 10:13, 1 ਕੁਰਿੰਥੀਆਂ 6:17
ਅਫ਼ਸੀਆਂ 1:5-8, ਅਫ਼ਸੀਆਂ 2:8-10, ਕੁਲੁੱਸੀਆਂ 2:6-7, 1 ਯੂਹੰਨਾ 5:12-13

ਜਦੋਂ ਤੁਸੀਂ ਪਰਮੇਸ਼ੁਰ ਦੇ ਆਤਮਾ ਨੂੰ ਪ੍ਰਾਪਤ ਕਰਦੇ ਹੋ, ਤੁਸੀਂ ਪੂਰਣ ਬਣਦੇ ਹੋ ਅਤੇ ਪਰਮੇਸ਼ੁਰ ਲਈ ਜੀਉਂਦੇ ਹੋ।



ਜਦੋਂ ਤੁਸੀਂ ਯਿਸੂ ਮਸੀਹ ਨੂੰ ਆਪਣੀ ਜ਼ਿੰਦਗੀ ਵਿੱਚ ਆਉਣ ਲਈ ਕਹਿੰਦੇ ਹੋ, ਤਾਂ ਤੁਸੀਂ ਆਦਮ ਵਿੱਚ ਆਪਣੇ ਧਰਤੀ ਦੇ ਪਰਿਵਾਰ ਤੋਂ ਮਸੀਹ ਵਿੱਚ ਸਦੀਪਕ ਜੀਵਨ ਵਿੱਚ ਤਬਦੀਲ ਹੋ ਜਾਂਦੇ ਹੋ, **ਉਹ ਜੀਵਨ ਜੋ ਅਤੀਤ ਵਿੱਚ ਸਦਾ ਲਈ ਅਤੇ ਭਵਿੱਖ ਵਿੱਚ ਸਦਾ ਲਈ ਹੈ।** ਤੁਸੀਂ ਮਸੀਹ ਨਾਲ ਸਲੀਬ ‹ਤੇ ਚੜ੍ਹਾਏ ਜਾਂਦੇ ਹੋ ਅਤੇ ਤੁਹਾਡੀ ਪੁਰਾਣੀ ਇਨਸਾਨੀਅਤ ਮਰ ਜਾਂਦੀ ਹੈ।



ਰੋਮੀਆਂ 5:18-19, ਰੋਮੀਆਂ 8:1-2, 1 ਕੁਰਿੰਥੀਆਂ 15:22, ਗਲਾਤੀਆਂ 5:24,
ਅਫ਼ਸੀਆਂ 1:13-14, ਅਫ਼ਸੀਆਂ 3:14-15, 1 ਪਤਰਸ 1:18-19



ਤੁਸੀਂ ਉਸ ਨਾਲ ਇੱਕ ਹੋ ਜਾਂਦੇ ਹੋ। ਤੁਸੀਂ ਮਸੀਹ ਨਾਲ ਇੱਕ ਹੋ ਅਤੇ ਇਹ ਕਦੇ ਨਹੀਂ ਬਦਲੇਗਾ। ਯਿਸੂ ਹੁਣ ਤੁਹਾਡੇ ਵਿੱਚ ਅਤੇ ਤੁਸੀਂ ਉਸ ਵਿੱਚ ਰਹਿੰਦੇ ਹੋ। ਉਹ ਜਿੱਥੇ ਵੀ ਜਾਂਦਾ ਹੈ, ਤੁਸੀਂ ਜਾਂਦੇ ਹੋ। ਜਿਥੇ ਵੀ ਤੁਸੀਂ ਜਾਂਦੇ ਹੋ, ਉਹ ਜਾਂਦਾ ਹੈ।

ਯੂਹੰਨਾ 14:20, ਰੋਮੀਆਂ 6:6, ਗਲਾਤੀਆਂ 2:20, ਗਲਾਤੀਆਂ 4:4-7,
ਗਲਾਤੀਆਂ 5:24, ਅਫ਼ਸੀਆਂ 1:11, ਕੁਲੁੱਸੀਆਂ 2:10

ਜਦੋਂ ਤੁਹਾਡੀ «ਪੁਰਾਣੀ ਇਨਸਾਨੀਅਤ» ਯਿਸੂ ਦੇ ਨਾਲ ਸਲੀਬ ਤੇ ਮਰ ਗਈ, ਤੁਸੀਂ ਉਸ ਦੇ ਨਾਲ ਦਫ਼ਨਾਏ ਵੀ ਗਏ। ਤੁਹਾਡਾ ਨਵਾਂ ਆਤਮਿਕ ਜੀਵਨ ਮਸੀਹ ਦੇ ਨਾਲ ਜੀਉਂਦਾ ਹੁੰਦਾ ਹੈ ਅਤੇ ਉਸ ਦੇ ਨਾਲ ਸਵਰਗ ਨੂੰ ਉਤਾਂਹ ਜਾਂਦਾ ਹੈ। ਤੁਸੀਂ ਕਮੀਆਂ, ਦੋਸ਼, ਪਾਪ ਅਤੇ ਸ਼ਰਮ ਦੀ ਥੈਲੀ ਨੂੰ ਪਿੱਛੇ ਛੱਡ ਦਿੱਤਾ। ਤੁਸੀਂ ਮਸੀਹ ਵਿੱਚ ਹੋ ਅਤੇ ਉਹ ਤੁਹਾਡੇ ਵਿੱਚ ਹੈ। ਤੁਸੀਂ ਆਪਣੀ ਪੁਰਾਣੀ ਜ਼ਿੰਦਗੀ ਨੂੰ ਇੱਕ ਨਵੀਂ ਜ਼ਿੰਦਗੀ ਨਾਲ ਬਦਲ ਲਿਆ ਹੈ। ਹੁਣ ਤੁਹਾਡੇ ਅੰਦਰ ਪਰਮੇਸ਼ੁਰ ਦਾ ਆਤਮਾ ਹੈ ਅਤੇ ਤੁਹਾਡਾ ਮਨੁੱਖੀ ਆਤਮਾ ਪਰਮੇਸ਼ੁਰ ਦੇ ਨਾਲ ਜੀਉਂਦਾ ਕੀਤਾ ਗਿਆ ਹੈ। ਤੁਸੀਂ ਮਸੀਹ ਵਿੱਚ ਹੋ ਅਤੇ ਉਸ ਨਾਲ ਸਦੀਪਕ ਜੀਵਨ ਦੀ ਯਾਤਰਾ ’ਤੇ ਹੋ। ਤੁਸੀਂ ਨਵੇਂ ਸਿਰਿਓਂ ਜਨਮੇ ਹੋ!



ਯੂਹੰਨਾ 3:6, ਯੂਹੰਨਾ 11:25-26, ਰੋਮੀਆਂ 5:5, ਰੋਮੀਆਂ 6:4-6, ਰੋਮੀਆਂ 8:10,
ਕੁਲੁੱਸੀਆਂ 2:12-14, ਕੁਲੁੱਸੀਆਂ 3:1-3, ਅਫ਼ਸੀਆਂ 1:13ਅ, ਅਫ਼ਸੀਆਂ 2 :6



ਜੇ ਤੁਸੀਂ ਆਪਣੀ ਪ੍ਰਾਰਥਨਾ ਵਿੱਚ ਗੰਭੀਰ ਹੁੰਦੇ ਹੋ, ਤਾਂ ਹੁਣ ਤੁਸੀਂ ਨਵੇਂ ਪਰਿਵਾਰ ਦੇ ਮੈਂਬਰ ਹੋ---ਪਰਮੇਸ਼ੁਰ ਦੇ ਪਰਿਵਾਰ ਦੇ ਮੈਂਬਰ ਹੋ। ਪਰਮੇਸ਼ੁਰ ਪਿਤਾ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਵਜੋਂ ਗੋਦ ਲੈਂਦਾ ਹੈ ਅਤੇ ਅਸੀਂ ਆਪਣੇ ਵੱਡੇ ਭਰਾ ਯਿਸੂ ਨਾਲ ਸਹਿ-ਵਾਰਸ ਬਣ ਜਾਂਦੇ ਹਾਂ। ਉਹ ਤੁਹਾਨੂੰ ਸਵੀਕਾਰ ਕਰਦਾ ਹੈ ਅਤੇ ਆਪਣੇ ਪਰਿਵਾਰ ਦੇ ਇੱਕ ਹਿੱਸੇ ਵਜੋਂ ਤੁਹਾਨੂੰ ਬਿਨਾਂ ਸ਼ਰਤ ਪਿਆਰ ਕਰਦਾ ਹੈ। ਤੁਸੀਂ ਪਰਮੇਸ਼ੁਰ ਦੀ ਸੰਤਾਨ ਹੋ!

ਜ਼ਬੂਰ 16:11, ਰੋਮੀਆਂ 5:11, ਰੋਮੀਆਂ 8:15-17 ਅ, 2 ਕੁਰਿੰਥੀਆਂ 5:17,
ਫ਼ਿਲਿੱਪੀਆਂ 3:20 ਅ, ਇਬਰਾਨੀਆਂ 2:11-12, ਪਰਕਾਸ਼ ਦੀ ਪੋਥੀ 21:2

ਤੁਹਾਡੀ ਪੁਰਾਣੀ ਇਨਸਾਨੀਅਤ ਮਸੀਹ ਦੁਆਰਾ ਚੁੱਕੇ ਗਏ ਪਾਪ ਦੇ ਬੋਝ ਦੇ ਨਾਲ ਹੀ ਸਲੀਬ ’ਤੇ ਮਰ ਗਈ। ਤੁਹਾਨੂੰ ਛੁਟਕਾਰਾ ਦਿੱਤਾ ਜਾ ਸਕਦਾ ਹੈ ਕਿ ਤੁਹਾਨੂੰ ਪਾਪਾਂ, ਆਦਤਾਂ ਅਤੇ ਮਨੁੱਖ ਦੇ ਹੋਰ ਸੁਆਰਥੀ ਢੰਗਾਂ ਦੇ ਗ਼ੁਲਾਮ ਬਣੇ ਰਹਿਣ ਦੀ ਜ਼ਰੂਰਤ ਨਹੀਂ ਹੈ। ਤੁਸੀਂ ਮਸੀਹ ਦੇ ਨਾਲ ਮਰ ਗਏ ਅਤੇ ਹੁਣ ਤੁਹਾਨੂੰ ਮੌਤ ਦੀ ਧਮਕੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਸ਼ੈਤਾਨ ਦੇ ਡਰ ਦੇ ਹਥਿਆਰ ਨੂੰ ਪ੍ਰਭਾਵ ਤੋਂ ਰਹਿਤ ਕਰ ਦਿੱਤਾ ਹੈ। ਇਸ ਨਵੇਂ ਸਦੀਪਕ ਜੀਵਨ ਦੇ



ਨਾਲ ਇੱਕ ਨਵੀਂ ਹਿੰਮਤ ਅਤੇ ਇੱਕ ਨਵੀਂ ਦਲੇਰੀ ਆਉਂਦੀ ਹੈ। ਮੌਤ ਦਾ ਹੁਣ ਤੁਹਾਡੇ ਉੱਤੇ ਪ੍ਰਭਾਵ ਅਤੇ ਮਲਕੀਅਤ ਨਹੀਂ ਹੈ। ਮਸੀਹ ਸਾਡੇ ਧੋਖਾਧੜੀ, ਚੋਰੀ ਕਰਨ, ਝੂਠ ਬੋਲਣ ਅਤੇ ਹੋਰ ਬਹੁਤ ਸਾਰੀਆਂ ਗੱਲਾਂ ਦੇ ਪਾਪਾਂ ਲਈ ਮਰਿਆ। ਅਸੀਂ ਆਪਣੇ ਪਾਪੀ ਸੁਭਾਅ ਨੂੰ ਛੱਡਣ ਲਈ ਉਸ ਨਾਲ ਮਾਰੇ ਗਏ। ਸਾਡੇ ਕੋਲ ਗੱਲਾਂ ਨੂੰ ਆਪਣੇ ਤਰੀਕੇ ਨਾਲ ਕਰਨ ਜਾਂ ਪਰਮੇਸ਼ੁਰ ਦੇ ਤਰੀਕੇ ਨਾਲ ਕਰਨ ਦੀ ਚੋਣ ਦੀ ਆਜ਼ਾਦੀ ਹੈ। ਸਾਡੀ ਆਪਣੀ ਇੱਛਾ ਅਤੇ ਆਪਣੀ ਜ਼ਿੰਦਗੀ ਨੂੰ ਯਿਸੂ ਮਸੀਹ ਦੁਆਰਾ ਪਰਮੇਸ਼ੁਰ ਦੀ ਦੇਖਭਾਲ ਵਿੱਚ ਸੌਂਪਣ ਤੋਂ ਪਹਿਲਾਂ, ਸਾਡੇ ਕੋਲ ਇਹ ਵਿਕਲਪ ਨਹੀਂ ਸੀ।

ਰੋਮੀਆਂ 6:11-13, ਰੋਮੀਆਂ 8:1-2, ਰੋਮੀਆਂ 8:15-17 ਅ , ਗਲਾਤੀਆਂ 5:16,
ਕੁਲੁੱਸੀਆਂ 2:6-7, 2 ਤਿਮੋਥਿਉਸ 1:7, ਇਬਰਾਨੀਆਂ 2:14-15



ਸਾਡੇ ਲਈ ਇਸ ਸੱਚਾਈ ਨੂੰ ਪੂਰੀ ਤਰ੍ਹਾਂ ਸਮਝਣਾ ਮੁਸ਼ਕਲ ਹੋ ਸਕਦਾ ਹੈ ਕਿਉਂਕਿ ਸਾਡੀ ਦੇਹੀ ਅਤੇ ਆਤਮਾ---ਸਾਡੀ ਸ਼ਖਸੀਅਤ---ਅਜੇ ਵੀ ਧਰਤੀ ’ਤੇ ਇਸ ਜੀਵਨ ਨੂੰ ਜੀਅ ਰਹੀਆਂ ਹਨ। ਪਰ ਹੁਣ ਮਸੀਹ ਦਾ ਆਤਮਾ ਸਾਡੇ ਅੰਦਰ ਵਸਦਾ ਹੈ ਅਤੇ ਅਸੀਂ ਆਤਮਿਕ ਜੀਵ ਹਾਂ। ਜੇ ਅਸੀਂ ਭਰਪੂਰ ਜੀਵਨ ਪਾਉਣਾ ਚਾਹੁੰਦੇ ਹਾਂ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਪ੍ਰਾਪਤ ਕਰੀਏ, ਤਾਂ ਸਾਡੇ ਲਈ ਇਨ੍ਹਾਂ ਘਟਨਾਵਾਂ ਨੂੰ ਵਿਸ਼ਵਾਸ ਦੁਆਰਾ ਸਵੀਕਾਰ ਕਰਨਾ ਲਾਜ਼ਮੀ ਹੈ। ਆਪਣੀ ਸੋਚ ਬਦਲੋ ਅਤੇ ਕਲਪਨਾ ਕਰੋ ਕਿ ਤੁਸੀਂ ਕੌਣ ਅਤੇ ਕਿੱਥੇ ਹੋ। ਆਪਣੇ ਪਿਤਾ ਨਾਲ ਸਵਰਗੀ ਗੱਲਾਂ ਤੇ ਆਪਣਾ ਧਿਆਨ ਦੇਵੋ ਨਾ ਕਿ ਉਸ ਕੂੜੇ ਕਰਕਟ ’ਤੇ ਜੋ ਇਸ ਧਰਤੀ ਉੱਤੇ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਹੈ। ਤੁਹਾਨੂੰ ਪਰਮੇਸ਼ੁਰ ਦੇ ਪਰਿਵਾਰ ਵਿੱਚ ਰਹਿ ਕੇ ਸ਼ੁੱਧ ਆਨੰਦ ਮਿਲੇਗਾ। ਤੁਹਾਡੀ ਪੁਰਾਣੀ ਇਨਸਾਨੀਅਤ ਮਰ ਗਈ ਹੈ ਅਤੇ ਤੁਸੀਂ ਯਿਸੂ ਮਸੀਹ ਵਿੱਚ ਇੱਕ ਨਵਾਂ ਜੀਵਨ ਪ੍ਰਾਪਤ ਕੀਤਾ ਹੈ। ਇਹ ਸੋਚਣ ਦਾ ਬਿਲਕੁਲ ਨਵਾਂ ਤਰੀਕਾ ਹੈ। ਤੁਸੀਂ ਬਦਲ ਰਹੇ ਹੋ!

ਰੋਮੀਆਂ 8:5-6, ਰੋਮੀਆਂ 12:2, 1 ਕੁਰਿੰਥੀਆਂ 2:16, ਅਫ਼ਸੀਆਂ 2:6, ਫ਼ਿਲਿੱਪੀਆਂ 2:5,
ਫ਼ਿਲਿੱਪੀਆਂ 3:20 ਅ, ਫ਼ਿਲਿੱਪੀਆਂ 4:6-8, ਕੁਲੁੱਸੀਆਂ 3:1-3, 2 ਤਿਮੋਥਿਉਸ 1 :7

ਸਾਡੀ ਵਿਰਾਸਤ ਜਾਂ ਤਾਂ ਸਾਡੇ ਸਰੀਰਕ ਮਾਪਿਆਂ ਅਤੇ ਆਦਮ ਦੇ ਵੰਸ਼ ਵਿੱਚ ਹੈ ਜਾਂ ਇਹ ਪਰਮੇਸ਼ੁਰ ਦੇ ਪਰਿਵਾਰ ਵਿੱਚ ਹੈ। ਹੋਰ ਕੋਈ ਵਿਕਲਪ ਨਹੀਂ ਹਨ। ਯਿਸੂ ਮਸੀਹ ਵਿੱਚ ਵਿਸ਼ਵਾਸ ਤੋਂ ਇਲਾਵਾ, ਸਾਡੇ ਵਿੱਚੋਂ ਹਰੇਕ ਆਦਮ ਵਿੱਚ ਰਹਿੰਦਾ ਹੈ। ਬਹੁਤ ਸਾਰੇ ਵਿਸ਼ਵਾਸੀ ਇਹ ਸੋਚਦੇ ਹਨ ਕਿ ਉਨ੍ਹਾਂ ਦਾ ਇੱਕ ਪੈਰ ਆਦਮ (ਜਾਂ ਸਾਡੇ ਧਰਤੀ ਦੇ ਪਰਿਵਾਰ) ਅਤੇ ਦੂਜਾ



ਪੈਰ ਪਰਮੇਸ਼ੁਰ ਦੇ ਪਰਿਵਾਰ ਵਿੱਚ ਹੋ ਸਕਦਾ ਹੈ। ਨਤੀਜਾ ਅੰਦਰੂਨੀ ਕਲੇਸ਼ ਅਤੇ ਆਤਮਿਕ ਉਥਲ-ਪੁਥਲ ਹੈ। ਸਪੱਸ਼ਟ ਚੋਣ ਕਰਨ ਵਿੱਚ ਅਸਫਲ ਹੋਣ ਨਾਲ ਅਸੀਂ ਉਲਝਣ ਵਿੱਚ ਪੈ ਜਾਂਦੇ ਹਾਂ ਅਤੇ ਪਰਮੇਸ਼ੁਰ ਦੀ ਜਿੱਤ ਤੋਂ ਵਾਂਝੇ ਰਹਿ ਜਾਂਦੇ ਹਾਂ।

ਮੱਤੀ 7:13-14, ਰੋਮੀਆਂ 6:16, ਰੋਮੀਆਂ 7:14-25, ਰੋਮੀਆਂ 8:1-2, 1 ਕੁਰਿੰਥੀਆਂ 15:22, ਗਲਾਤੀਆਂ 5:16, ਫ਼ਿਲਿੱਪੀਆਂ 3:20

ਜਿਵੇਂ ਪਰਮੇਸ਼ੁਰ ਦੇ ਤਿੰਨ ਵਿਅਕਤੀਤਵ ਹਨ, (ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ) ਅਸੀਂ ਵੀ ਤਿੰਨ ਗੁਣਾਂ ਵਿੱਚ ਹਾਂ। ਅਸੀਂ ਸਰੀਰ ਵਿੱਚ ਰਹਿੰਦੇ ਹਾਂ ਜੋ ਸਾਡੀ ਇੰਦਰੀਆਂ ਦੁਆਰਾ ਵਾਤਾਵਰਣ ਨਾਲ ਸੰਬੰਧ ਰੱਖਦਾ ਹੈ। ਸਾਡੇ ਵਿੱਚ ਪ੍ਰਾਣ ਰੂਹ ਹੈ ਜੋ ਸਾਡੀਆਂ ਸ਼ਖਸੀਅਤਾਂ ਹਨ ਜਿਸ ਵਿੱਚ ਸਾਡੇ ਮਨ, ਇੱਛਾਵਾਂ ਅਤੇ ਭਾਵਨਾਵਾਂ ਸ਼ਾਮਲ ਹਨ। ਅਤੇ ਅਸੀਂ ਹੁਣ ਯਿਸੂ ਦੇ ਨਾਲ ਸਲੀਬ ਤੇ ਚੜ੍ਹਾਏ ਜਾਣ, ਦਫ਼ਨਾਏ ਜਾਣ ਅਤੇ ਉਸ ਦੇ ਨਾਲ ਜੀ ਉੱਠਣ ਦੁਆਰਾ ਸਾਡੇ ਵਿਸ਼ਵਾਸ ਅਤੇ ਯਿਸੂ ਦੇ ਗਿਆਨ ਦੁਆਰਾ ਜਗਾਏ ਗਏ ਆਤਮਾ ਹਾਂ। ਸਾਡਾ ਆਤਮਿਕ ਪਹਿਲੂ ਸਾਡਾ ਉਹ ਹਿੱਸਾ ਹੈ ਜੋ ਪਰਮੇਸ਼ੁਰ ਨਾਲ ਸੰਬੰਧਿਤ ਹੈ।



ਉਤਪਤ 2:7, ਮੱਤੀ 3:13-17, ਯੂਹੰਨਾ 3:6, ਰੋਮੀਆਂ 8:10, 1 ਕੁਰਿੰਥੀਆਂ 3:16 -18, 1 ਥੱਸਲੁਨੀਕੀਆਂ 5:23 -24, ਇਬਰਾਨੀਆਂ 4:12

ਸਾਡਾ ਕੀਮ ਪੂਰੀ ਤਰ੍ਹਾਂ ਯਿਸੂ ਮਸੀਹ ਨੂੰ ਸਮਰਪਣ ਕਰਨਾ ਹੈ। ਉਸ ਦੀ ਇੱਛਾ ਹੈ ਕਿ ਉਹ ਇਸ ਧਰਤੀ ਉੱਤੇ ਆਪਣਾ ਮਕਸਦ ਪੂਰਾ ਕਰਨ ਲਈ ਆਪਣਾ ਜੀਵਨ ਸਾਡੇ ਵਿੱਚ ਅਤੇ ਸਾਡੇ ਦੁਆਰਾ ਜੀਵੇ। ਅਸੀਂ ਸ਼ਾਬਦਿਕ ਤੌਰ ਤੇ ਮਸੀਹ ਦਾ ਸਰੀਰ ਹਾਂ ਅਤੇ ਉਹ ਚਾਹੁੰਦਾ ਹੈ ਕਿ



ਸਾਡੇ ਵਿੱਚ ਹਰੇਕ ਨੂੰ ਦੂਸਰਿਆਂ ਤਕ ਪਹੁੰਚਣ ਅਤੇ ਪਰਿਵਾਰ ਦਾ ਵਿਸਥਾਰ ਕਰਨ ਲਈ ਇਸਤੇਮਾਲ ਕਰੇ। ਪਰਮੇਸ਼ੁਰ ਦੇ ਪਰਿਵਾਰ ਵਿੱਚ ਤੁਹਾਡਾ ਸਵਾਗਤ ਹੈ। ਤੁਸੀਂ ਇੱਕ ਨਵਾਂ ਜੀਵ ਹੋ! ਪੁਰਾਣੀ ਇਨਸਾਨੀਅਤ ਨੂੰ «ਅਲਵਿਦਾ» ਕਹੋ ਅਤੇ ਯਿਸੂ ਮਸੀਹ ਵਿੱਚ ਰਹਿੰਦੇ ਹੋਏ «ਨਵੀਂ ਇਨਸਾਨੀਅਤ» ਦਾ ਸਵਾਗਤ ਕਰੋ।

ਰੋਮੀਆਂ 6:11-13, ਰੋਮੀਆਂ 8:10, ਰੋਮੀਆਂ 12:1, ਰੋਮੀਆਂ 12:4-5, 1 ਕੁਰਿੰਥੀਆਂ 3:16, 1 ਕੁਰਿੰਥੀਆਂ 6:19-20, 2 ਕੁਰਿੰਥੀਆਂ 5:16-21, ਅਫ਼ਸੀਆਂ 4:21 -24, ਫ਼ਿਲਿੱਪੀਆਂ 2:5-8, ਕੁਲੁੱਸੀਆਂ 1:27, 1 ਯੂਹੰਨਾ 3:1-3, 1 ਯੂਹੰਨਾ 3:9-10, 1 ਯੂਹੰਨਾ 5:18-19

ਪਰਮੇਸ਼ੁਰ ਦਾ ਇੱਕ ਬੱਚਾ ਅਤੇ ਯਿਸੂ ਨਾਲ ਸਹਿ-ਵਾਰਸ ਹੋਣ ਦੇ ਨਾਤੇ, ਅਸੀਂ ਉਸ ਨਾਲ ਵਿਰਾਸਤ ਸਾਂਝੀ ਕਰਨਾ ਸ਼ੁਰੂ ਕਰਦੇ ਹਾਂ ਅਤੇ ਭਰਪੂਰ ਜੀਵਨ ਦੀ ਝਲਕ ਪ੍ਰਾਪਤ ਕਰਦੇ ਹਾਂ। ਤੁਹਾਡੇ ਅੰਦਰ ਉਸ ਦੇ ਨਵੇਂ ਆਤਮਾ ਦੇ ਨਾਲ, ਤੁਸੀਂ ਪਰਮੇਸ਼ੁਰ ਦੇ ਮਾਰਗਾਂ ਬਾਰੇ ਵਧੇਰੇ ਸਿੱਖਣਾ ਚਾਹੋਗੇ ਤਾਂ ਜੋ ਤੁਸੀਂ ਉਸ ਦੀ ਆਗਿਆ ਦੀ ਪਾਲਣਾ ਕਰ ਸਕੋ। ਪਰਮੇਸ਼ੁਰ ਨੇ ਆਪਣੇ ਆਪ ਨੂੰ ਆਪਣੇ ਪੁੱਤਰ, ਯਿਸੂ ਵਿੱਚ ਸਭ ਤੋਂ ਪੂਰੀ ਤਰ੍ਹਾਂ ਪ੍ਰਗਟ ਕੀਤਾ ਹੈ। ਇਸ ਲਈ ਉਸ ਬਾਰੇ ਸਾਰੇ ਸਿੱਖੋ। ਬਾਈਬਲ ਲਵੋ ਅਤੇ ਯਿਸੂ ਦੇ ਜੀਵਨ ਬਾਰੇ ਨਵਾਂ ਨੇਮ ਪੜ੍ਹੋ। ਯੂਹੰਨਾ ਦੀ ਕਿਤਾਬ ਇੱਕ ਚੰਗੀ ਸ਼ੁਰੂਆਤ ਹੈ। ਪੁਰਾਣੇ ਨੇਮ ਦੇ ਉਤਪਤ ਦੇ ਪਹਿਲੇ ਬਾਰ੍ਹਾਂ ਅਧਿਆਇ ਦੱਸਦੇ ਹਨ ਕਿ ਇਹ ਸਭ ਕਿਵੇਂ ਸ਼ੁਰੂ ਹੋਇਆ। ਇਸ ਕਿਤਾਬ ਦੇ ਸਫ਼ਿਆਂ ਦੇ ਹੇਠਾਂ ਦਿੱਤੇ ਹਵਾਲਿਆਂ ਨੂੰ ਆਪਣੀ ਬਾਈਬਲ ਨਾਲ ਦੇਖੋ ਜਾਂ ਇਸ ਕਿਤਾਬ ਦੇ ਹਵਾਲੇ ਭਾਗ ਵਿੱਚ ਬਾਈਬਲ ਦੀਆਂ ਆਇਤਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਦੇਖੋ ਕਿ ਹਰੇਕ ਸਫ਼ੇ ਉੱਤੇ ਕੀ ਕਿਹਾ ਗਿਆ ਹੈ।



- ਹਰ ਰੋਜ਼ ਆਪਣੇ ਨਵੇਂ ਪਿਤਾ ਨਾਲ ਪ੍ਰਾਰਥਨਾ ਵਿੱਚ ਗੱਲ ਕਰੋ। ਆਪਣੀ ਨਵੀਂ ਜ਼ਿੰਦਗੀ ਅਤੇ ਆਪਣੇ ਨਵੇਂ ਪਰਿਵਾਰ ਲਈ ਉਸ ਦਾ ਧੰਨਵਾਦ ਕਰੋ। ਉਸ ਨਾਲ ਖੁੱਲ੍ਹ ਕੇ ਅਤੇ ਨੇੜਿਓਂ ਗੱਲ ਕਰੋ, ਇੱਕ ਦੋਸਤ ਦੀ ਤਰ੍ਹਾਂ, ਜਿਵੇਂ ਕਿ ਉਹ ਤੁਹਾਡੇ ਕੋਲ ਬੈਠਾ ਹੋਵੇ। ਯਿਸੂ ਦੇ ਰੂਪ ਵਿੱਚ ਉਸ ਦੀ ਕਲਪਨਾ ਕਰੋ, ਜਿਸ ਨਾਲ ਤੁਸੀਂ ਵੱਡੇ ਭਰਾ ਵਜੋਂ ਸੰਬੰਧ ਰੱਖ ਸਕਦੇ ਹੋ।
- ਬਾਈਬਲ ਪੜ੍ਹੋ। ਹੁਣ ਜਦੋਂ ਤੁਹਾਡੇ ਅੰਦਰ ਇੱਕ ਨਵੀਂ ਆਤਮਾ, ਪਰਮੇਸ਼ੁਰ ਦਾ ਆਤਮਾ ਹੈ, ਤੁਸੀਂ ਇੱਕ ਨਵੀਂ ਸਮਝ ਪ੍ਰਾਪਤ ਕਰੋਗੇ ਕਿ ਬਚਨ ਦਾ ਕੀ ਅਰਥ ਹੈ। ਬਾਈਬਲ ਪਰਮੇਸ਼ੁਰ ਦਾ ਬਚਨ ਹੈ ਅਤੇ ਉਸ ਦੁਆਰਾ ਹੀ ਤੁਹਾਡਾ ਨਵਾਂ ਪਿਤਾ ਤੁਹਾਡੇ ਨਾਲ ਗੱਲ ਕਰਦਾ ਹੈ। ਉਹ ਤੁਹਾਡੀ ਸੋਚ ਤੋਂ ਵੀ ਵਧਕੇ ਤੁਹਾਨੂੰ ਪਿਆਰ ਕਰਦਾ ਹੈ।
- ਇੱਕ ਗਿਰਜਾਘਰ, ਕਲੀਸਿਯਾ ਅਤੇ / ਜਾਂ ਇੱਕ ਬਾਈਬਲ ਅਧਿਐਨ ਮੀਟਿੰਗ ਲੱਭੋ ਜਿੱਥੇ ਤੁਸੀਂ ਦੂਜਿਆਂ ਨੂੰ ਮਿਲ ਸਕਦੇ ਹੋ ਅਤੇ ਆਪਣੇ ਵਿਸ਼ਵਾਸ ਵਿੱਚ ਵਧਦੇ ਹੋਏ ਸਮਰਪਿਤ ਰਹਿ ਸਕਦੇ ਹੋ। ਤੁਹਾਡਾ ਸਵਰਗੀ ਪਿਤਾ ਤੁਹਾਡੇ ਨਾਲ ਦੂਸਰੇ ਵਿਸ਼ਵਾਸੀਆਂ ਦੁਆਰਾ ਅਕਸਰ ਗੱਲ ਕਰਦਾ ਹੈ।
- ਯਿਸੂ ਨੂੰ ਸਮਰਪਣ ਕਰਨ ਤੋਂ ਬਾਅਦ, ਜਲਦੀ ਹੀ ਪਾਣੀ ਦਾ ਬਪਤਿਸਮਾ ਲੈਣਾ ਚਾਹੀਦਾ ਹੈ। ਇਹ ਉਸ ਦੀ ਨਕਲ ਕਰਨ, ਆਗਿਆਕਾਰੀ ਕਰਨ ਅਤੇ ਉਸ ਨਾਲ ਸਾਂਝੀ ਹੋਣ ਦੀ ਇੱਕ ਕਿਰਿਆ ਹੈ।
- ਮਸੀਹੀ ਵਿਸ਼ਵਾਸ ਵਿੱਚ ਸਹਾਇਕ ਲੱਭੋ, ਜੋ ਤੁਹਾਨੂੰ ਸਿਖਾਵੇ ਜਾਂ ਚੇਲਾ ਬਣਾਵੇ ਜਿਸ ਤੋਂ ਤੁਸੀਂ ਸਿੱਖੋ ਅਤੇ ਉਸ ਦੇ ਸਾਹਮਣੇ ਜਵਾਬਦੇਹ ਹੋਵੋ। ।
- ਜਾਓ ਅਤੇ ਯਿਸੂ ਵਿੱਚ ਆਪਣੇ ਨਵੇਂ ਵਿਸ਼ਵਾਸ ਅਤੇ ਭਰੋਸੇ ਬਾਰੇ ਦੂਸਰਿਆਂ ਨੂੰ ਦੱਸੋ।
- ਅਸੀਂ ਇੱਕ ਬਾਈਬਲ ਖਰੀਦਣ ਦੀ ਸਿਫਾਰਸ਼ ਕਰਦੇ ਹਾਂ। ਖ਼ਾਸਕਰ, ਹੋਲੀ ਬਾਈਬਲ, ਨਿਊ ਲਿਵਿੰਗ ਟ੍ਰਾਂਸਲੇਸ਼ਨ (ਐਨਐਲਟੀ), ਟਿੰਡਲੇ ਹਾਊਸ ਪਬਲਿਸ਼ਰ, ਇੰਕ।

ਪਰਮੇਸ਼ੁਰ ਤੁਹਾਡੀ ਆਤਮਿਕ ਯਾਤਰਾ ਵਿੱਚ ਤੁਹਾਨੂੰ ਬਰਕਤ ਦੇਵੇ

ਯਹੋਸ਼ੁਆ 1:8, ਮੱਤੀ 3:13-17, ਮੱਤੀ 7:7-8, ਮੱਤੀ 10:32, ਯੂਹੰਨਾ 14:13-14, ਯੂਹੰਨਾ 15:7, ਫ਼ਿਲਿੱਪੀਆਂ 4:6-7, ਇਬਰਾਨੀਆਂ 4:12, ਯਾਕੂਬ 5:15-16, 1 ਯੂਹੰਨਾ 1:9

ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ ਆਪਣੀ ਬੁੱਧ ਦੇ ਨਵੇਂ ਹੋਣ ਕਰਕੇ ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ।

ਰੋਮੀਆਂ 12:2



ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਓਗੇ। ਉਸ ਦਿਨ ਤੁਸੀਂ ਜਾਣੋਗੇ ਭਈ ਮੈਂ
ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।

ਯੂਹੰਨਾ 14:19ਅ-20.



ਅਸੀਂ ਉਸ ਦੇ ਨਾਲ ਸਲੀਬ ਉੱਤੇ ਚੜ੍ਹਾਏ ਗਏ, ਉਸ ਦੇ ਨਾਲ ਹੀ ਦਫ਼ਨਾਏ ਗਏ, ਉਸ ਦੇ ਨਾਲ ਹੀ ਜੀਉਂਦੇ ਕੀਤੇ ਗਏ, ਅਤੇ ਹੁਣ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਉਸ ਦੇ ਨਾਲ ਬੈਠੇ ਹਾਂ।



ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ

ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ।

ਅਫ਼ਸੀਆਂ 2:6



ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।

ਗਲਾਤੀਆਂ 2:20

# ਹੁਣ ਜਦੋਂ ਤੁਸੀਂ ਪਰਮੇਸ਼ੁਰ ਦੀ ਸੰਤਾਨ ਹੋ. . .

ਪਰਮੇਸ਼ੁਰ ਦੇ ਨਵੇਂ ਬੱਚੇ ਹੋਣ ਦੇ ਨਾਤੇ, ਤੁਹਾਡੇ ਕੋਲ ਉਸ ਦੇ ਪੁੱਤਰ ਜਾਂ ਧੀ ਹੋਣ ਦੇ ਸਾਰੇ ਅਧਿਕਾਰ ਹਨ। ਤੁਸੀਂ ਉਸ ਨਾਲ ਸੰਗਤ ਰਖਦੇ ਹੋ, ਉਸ ਨੂੰ ਪਿਤਾ ਕਹਿੰਦੇ ਹੋ, ਉਸ ਦੀ ਗੋਦ ਵਿੱਚ ਬੈਠਦੇ ਹੋ, ਆਪਣੇ ਦਿਲ ਨੂੰ ਉਸ ਅੱਗੇ ਖੋਲ੍ਹਦੇ ਹੋ ਅਤੇ ਆਮ ਤੌਰ ਤੇ ਉਸ ਨੂੰ ਤੁਹਾਡਾ ਸਦਾ ਪਿਆਰ ਕਰਨ ਵਾਲਾ ਪਿਤਾ, ਸਾਥੀ, ਮਿੱਤਰ, ਪ੍ਰਦਾਤਾ ਅਤੇ ਭਰੋਸਾ ਬਣਨ ਦਿਓ। ਸਹੂਲਤਾਂ ਦੇ ਨਾਲ ਨਾਲ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਕੁਝ ਦੀ ਜਾਣਕਾਰੀ ਅਗਲੇ ਕੁਝ ਸਫ਼ਿਆਂ ਵਿੱਚ ਦਿੱਤੀ ਜਾਏਗੀ। ਤੁਹਾਨੂੰ ਮਸੀਹ ਨੂੰ ਗ੍ਰਹਿਣ ਕਰਨ ਤੋਂ ਬਾਅਦ, ਜਾ ਕੇ ਦੂਸਰਿਆਂ ਨੂੰ ਮਸੀਹ ਬਾਰੇ ਦੱਸਣ ਲਈ ਨਿਰਦੇਸ਼ ਦਿੱਤੇ ਗਏ ਹਨ।

**ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇਕਰਾਰ ਕਰਾਂਗਾ। ਮੱਤੀ 10:32**

ਸਮੱਸਿਆ ਇਹ ਹੈ ਕਿ ਸਾਨੂੰ ਅਸਲ ਵਿੱਚ ਇਹ ਨਹੀਂ ਸਿਖਾਇਆ ਗਿਆ ਕਿ ਅਜਿਹਾ ਕਿਵੇਂ ਕਰਨਾ ਹੈ, ਪਰ ਪ੍ਰਕਿਰਿਆ ਸਧਾਰਣ ਹੈ ਅਤੇ **ਆਪਣੀ ਕਹਾਣੀ ਕਿਵੇਂ ਦੱਸੀਏ** ਇਸ ਦੇ ਅਗਲੇ ਸਫ਼ਿਆਂ ਵਿੱਚ ਸਮਝਾਇਆ ਗਿਆ ਹੈ। ਕੁੰਜੀ ਇੱਛਾ ਹੋਣਾ ਹੈ ਅਤੇ ਵਿਸ਼ਾ ਅਸਾਨ ਅਤੇ ਸਰਲ ਹੈ, ਜੇ ਤੁਸੀਂ ਪ੍ਰਾਰਥਨਾ ਕਰਦੇ ਸਮੇਂ ਈਮਾਨਦਾਰ ਸੀ ਅਤੇ ਯਿਸੂ ਨੂੰ ਆਪਣੀ ਇੱਛਾ ਅਤੇ ਆਪਣੀ ਜ਼ਿੰਦਗੀ ਨੂੰ ਚਲਾਉਣ ਲਈ ਕਿਹਾ ਸੀ। ਉਹ ਇਸ ਸਮੇਂ ਤੁਹਾਡੇ ਵਿੱਚ ਹੈ ਅਤੇ ਤੁਹਾਡੇ ਸੋਚਣ, ਫੈਸਲਾ ਲੈਣ ਅਤੇ ਮਹਿਸੂਸ ਕਰਨ ਦੇ ਤਰੀਕਿਆਂ ਵਿੱਚ ਬਦਲਾਓ ਕਰ ਰਿਹਾ ਹੈ। ਇਹ ਵਿਸ਼ਾ ਇਸ ਵਾਂਗ ਸਪਸ਼ਟ ਹੈ **ਮੈਂ ਅੰਨ੍ਹਾ ਸੀ ਅਤੇ ਹੁਣ ਮੈਂ ਵੇਖ ਸਕਦਾ ਹਾਂ (ਯੂਹੰਨਾ 9:25)।** ਜਦੋਂ ਤੁਸੀਂ ਆਪਣੀ ਕਹਾਣੀ ਸੁਣਾਉਂਦੇ ਹੋ, ਤਾਂ ਤੁਸੀਂ ਆਗਿਆਕਾਰ ਹੋ ਰਹੇ ਹੋ ਅਤੇ ਉਹ ਕਰ ਰਹੇ ਹੋ ਜੋ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਕਰੋ। ਤੁਸੀਂ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੇ ਹੋ। ਯਾਦ ਰੱਖੋ, ਇਹ ਤੁਸੀਂ ਨਹੀਂ ਹੋ, ਪਰ ਮਸੀਹ ਤੁਹਾਡੇ ਵਿੱਚ ਹੈ, ਇਸ ਲਈ ਤਿਆਰ ਰਹੋ ਅਤੇ ਉਸ ਨੂੰ ਬੋਲਣ ਦਿਓ।



# . . . ਇਸ ਨੂੰ ਅੱਗੇ ਵੰਡੋ!

ਸਾਨੂੰ ਇਹ ਵੀ ਹੁਕਮ ਦਿੱਤਾ ਗਿਆ ਹੈ ਕਿ ਦੂਜਿਆਂ ਨੂੰ ਯਿਸੂ ਮਸੀਹ ਬਾਰੇ ਦੱਸੀਏ ਅਤੇ ਪਰਮੇਸ਼ੁਰ ਦੇ ਰਾਜ ਦਾ ਵਿਸਥਾਰ ਕਰੀਏ। **(ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। ਲੂਕਾ 19:10।)** ਤੁਸੀਂ ਮਸੀਹ ਦੀ ਦੇਹ ਹੋ ਅਤੇ ਅਗਲੇ ਸਫ਼ਿਆਂ ਤੇ ਦਿੱਤੀਆਂ ਹਦਾਇਤਾਂ ਨਾਲ ਇਸ ਨੂੰ ਪੂਰਾ ਕਰ ਸਕਦੇ ਹੋ। ਕੁੰਜੀ ਉਪਲਬਧਤਾ ਹੈ। ਤੁਹਾਨੂੰ ਆਪਣੇ ਆਪ ਨੂੰ ਉਪਲਬਧ ਕਰਵਾਉਣਾ ਲਾਜ਼ਮੀ ਹੈ ਤਾਂ ਜੋ ਯਿਸੂ ਮਸੀਹ ਇਨ੍ਹਾਂ ਲੋਕਾਂ ਤੱਕ ਪਹੁੰਚਣ ਲਈ ਤੁਹਾਡੇ ਦੁਆਰਾ ਆਪਣੀ ਜ਼ਿੰਦਗੀ ਜੀ ਸਕੇ। ਹੋ ਸਕਦਾ ਹੈ ਕਿ ਉਹ ਤੁਹਾਨੂੰ ਬਾਹਰ ਜਾਣ ਅਤੇ ਅਜਨਬੀਆਂ ਨਾਲ ਗੱਲ ਕਰਨ ਲਈ ਨਾ ਕਹਿ ਰਿਹਾ ਹੋਵੇ, ਪਰ ਉਨ੍ਹਾਂ ਲੋਕਾਂ ਤੱਕ ਪਹੁੰਚਣ ਲਈ ਜਿੰਨ੍ਹਾਂ ਨੂੰ ਤੁਸੀਂ ਪਹਿਲਾਂ ਹੀ ਜਾਣਦੇ ਹੋ, ਵੇਖੋ ਅਤੇ ਹਰ ਰੋਜ਼ ਜਾਓ। ਉਸ ਨੇ ਪਹਿਲਾਂ ਹੀ ਉਨ੍ਹਾਂ ਨੂੰ ਚੁਣਿਆ ਹੈ ਅਤੇ ਜਦੋਂ ਤੁਸੀਂ ਕਿਸੇ ਅਜਿਹੇ ਬਾਰੇ ਸੋਚਦੇ ਹੋ ਜਿਸ ਬਾਰੇ ਤੁਸੀਂ ਕਲਪਨਾ ਕਰਦੇ ਹੋ ਕਿ ਉਹ ਯਿਸੂ ਨੂੰ ਜਾਣਨਾ ਚਾਹੁੰਦਾ ਹੈ, ਤਾਂ ਤੁਸੀਂ ਮਸੀਹ ਦੇ ਵਾਂਗ ਸੋਚਣਾ ਸ਼ੁਰੂ ਕਰ ਰਹੇ ਹੋ। **ਗਵਾਹੀ ਕਿਵੇਂ ਦਿੱਤੀ ਜਾਵੇ** ਇਹ ਭਾਗ ਤੁਹਾਨੂੰ ਸਿਖਾਉਂਦਾ ਹੈ ਕਿ ਕਿਵੇਂ ਕਿਸੇ ਦੀ ਯਿਸੂ ਮਸੀਹ ਨੂੰ ਜਾਣਨ ਅਤੇ ਪਰਮੇਸ਼ੁਰ ਨਾਲ ਮੇਲ ਕਰਨ ਵਿੱਚ ਅਗਵਾਈ ਕੀਤੀ ਜਾਵੇ। ਨਿਰਦੇਸ਼ ਮੁਸ਼ਕਲ ਨਹੀਂ ਹਨ। ਬੱਸ ਇਸਦੀ ਜਰੂਰਤ ਤੁਹਾਡੀ ਇੱਛਾ ਹੈ ਅਤੇ ਯਿਸੂ ਮਸੀਹ ਨੂੰ ਤੁਹਾਡੇ ਦੁਆਰਾ ਆਪਣਾ ਜੀਵਨ ਜੀਉਣ ਦੇਣ ਦੀ ਇੱਛਾ ਹੈ।



**ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਂ, ਅਰਦਾਸਾਂ ਅਤੇ ਧੰਨਵਾਦ ਸਭਨਾਂ ਮਨੁੱਖਾਂ ਲਈ ਕੀਤੇ ਜਾਨ। 1 ਤਿਮੋਥਿਉਸ 2:1**




ਮੈਂ ਜੋ ਅੰਨ੍ਹਾ ਸੀ ਹੁਣ ਵੇਖਦਾ ਹਾਂ! ਯੂਹੰਨਾ 9:25

# ਆਪਣੀ ਕਹਾਣੀ ਕਿਵੇਂ ਦੱਸੀਏ

**ਵਿਅਕਤੀਗਤ ਗਵਾਹੀ ਦੁਆਰਾ ਮਸੀਹੀ ਗਵਾਹੀ**

ਯਿਸੂ ਮਸੀਹ ਨੂੰ ਜਾਣਨ ਅਤੇ ਵਿਸ਼ਵਾਸ ਕਰਨ ਦੀ ਆਪਣੀ ਨਿੱਜੀ ਗਵਾਹੀ ਨੂੰ ਸਾਂਝਾ ਕਰਨਾ ਖੁਸ਼ਖਬਰੀ ਦੇ ਵਿਅਕਤੀਗਤ ਪ੍ਰਚਾਰ ਦਾ ਅਭਿਆਸ ਕਰਨ ਦਾ ਪਹਿਲਾ ਕਦਮ ਹੈ। ਦੋ ਕਿਸਮ ਦੀਆਂ ਨਿੱਜੀ ਗਵਾਹੀਆਂ ਹਨ। ਇੱਕ ਇਤਿਹਾਸਕ ਹੈ, ਤੁਹਾਡੇ ਯਿਸੂ ਮਸੀਹ ਨੂੰ ਪ੍ਰਭੂ ਅਤੇ ਪਰਮੇਸ਼ੁਰ ਮੰਨਣ, ਅਤੇ ਆਪਣੀ ਜਾਨ ਦਾ ਮੁਕਤੀਦਾਤਾ ਮੰਨਣ ਤੋਂ ਪਹਿਲਾਂ, ਉਸ ਸਮੇਂ ਅਤੇ ਬਾਅਦ ਵਾਲੇ ਜੀਵਨ ਬਾਰੇ ਦੱਸਣਾ। ਦੂਜੀ ਵਿਸ਼ਾ ਕਿਸਮ ਦੀ ਗਵਾਹੀ ਹੈ ਅਤੇ ਸ਼ਾਇਦ ਕੇਵਲ ਤੁਹਾਡੀ ਮੁਕਤੀ ਦੀ ਇਸ ਘਟਨਾ ਅਤੇ ਉਸ ਸਮੇਂ ਤੋਂ ਜ਼ਿੰਦਗੀ ਕਿਸ ਤਰ੍ਹਾਂ ਦੀ ਹੋ ਗਈ, ਇਸ ਬਾਰੇ ਹੈ। ਇਹ ਅਜਿਹੇ ਵਿਅਕਤੀ ਦੀ ਗਵਾਹੀ ਹੋ ਸਕਦੀ ਹੈ ਜੋ ਮਸੀਹ ਦੇ ਕੋਲ ਬਚਪਨ ਵਿੱਚ ਆਇਆ ਸੀ ਅਤੇ ਆਪਣੇ ਬਦਲਣ ਤੋਂ ਬਾਅਦ ਦੇ ਆਪਣੇ ਜੀਵਨ ਬਾਰੇ ਦੱਸ ਸਕਦਾ ਹੈ। ਇੱਕ ਹੋਰ ਉਦਾਹਰਣ ਅਜਿਹਾ ਵਿਅਕਤੀ ਹੋ ਸਕਦਾ ਹੈ ਜਿਸ ਨੇ ਵਿਸ਼ਵਾਸ ਕੀਤਾ ਸੀ, ਉਹ ਸਾਰੀ ਉਮਰ ਇੱਕ ਮਸੀਹੀ ਸੀ ਪਰ ਪਤਾ ਲੱਗਦਾ ਹੈ ਕਿ ਉਹ ਸੱਚਮੁੱਚ ਪਰਮੇਸ਼ੁਰ ਨੂੰ ਨਹੀਂ ਜਾਣਦਾ ਹੈ ਅਤੇ ਫਿਰ ਸਮਰਪਣ ਅਤੇ ਤੋਬਾ ਕਰਨ ਦੀ ਸਥਿਤੀ ਤੇ ਪਹੁੰਚ ਗਿਆ ਹੈ। *ਗਵਾਹੀ ਦੀ ਸ਼ੁਰੂਆਤ ਤੁਹਾਡੇ ਅਤੇ ਤੁਹਾਡੇ ਵਿਸ਼ੇ ਦੇ ਬਾਰੇ ਕੁਝ ਸਾਂਝਾ ਦੱਸਦੇ ਹੋਏ ਕਰੋ; ਇਕੋ ਵਤਨ, ਇਕੋ ਨੌਕਰੀ, ਇਕੋ ਸਕੂਲ, ਆਦਿ। ਕੁਝ ਆਪਸੀ ਹਿੱਤਾਂ ਨੂੰ ਭਾਲੋ।*

# ਇਹ ਕਿਵੇਂ ਸੀ

ਆਪਣੀ ਕਹਾਣੀ ਸੁਣਾਉਂਦੇ ਸਮੇਂ, ਤੁਸੀਂ ਉਸ ਮਾਰਗ ਬਾਰੇ ਸੰਖੇਪ ਵਿੱਚ ਦੱਸੋ ਜੋ ਤੁਹਾਨੂੰ ਆਪਣੇ ਸੋਚਣ ਅਤੇ ਜੀਵਨ ਨੂੰ ਚਲਾਉਣ ਦੇ ਢੰਗ ਨੂੰ ਬਦਲਣ ਦੀ ਇੱਛਾ ਵੱਲ ਲੈ ਕੇ ਗਿਆ। ਅਸੀਂ ਸਾਰਿਆਂ ਨੇ ਜ਼ਿੰਦਗੀ ਵਿੱਚ ਗਲਤ ਫੈਸਲੇ ਅਤੇ ਗਲਤ ਵਿਕਲਪ ਲਏ ਹਨ ਜੋ ਅਸੀਂ ਸੋਚਦੇ ਹਾਂ ਕਿ ਅਸੀਂ ਅਜਿਹੇ ਫੈਸਲੇ ਨਾ ਲਏ ਹੁੰਦੇ ਅਤੇ ਇਨ੍ਹਾਂ ਨੂੰ ਬਦਲਣਾ ਚਾਹੁੰਦੇ ਹਾਂ। ਜੇ ਸਿਰਫ ਸਾਨੂੰ ਉਸ ਜੀਵਨ ਨੂੰ ਦੁਬਾਰਾ ਜੀਉਣ ਦਾ ਮੌਕਾ ਮਿਲੇ। ਕਈ ਵਾਰੀ, ਇਹ ਉਨ੍ਹਾਂ ਘਟਨਾਵਾਂ ਦੀ ਇੱਕ ਲੜੀ ਹੁੰਦੀ ਹੈ ਜੋ ਸਾਨੂੰ ਪਿੱਛੇ ਲੈ ਜਾਂਦੀ ਹੈ ਜਾਂ ਇਹ ਇੱਕ ਵੱਡੀ ਗਲਤ ਹੋ ਸਕਦੀ ਹੈ ਜਾਂ ਇੱਕ ਅਚਾਨਕ ਵਾਪਰੀ ਘਟਨਾ ਹੋ ਸਕਦੀ ਹੈ, ਜੋ ਸਾਡੀ ਜ਼ਿੰਦਗੀ ਉੱਤੇ ਮੁੜ ਵਿਚਾਰ ਕਰਨ ਦਾ ਕਾਰਨ ਬਣ ਸਕਦੀ ਹੈ। ਸਾਡੇ ਹਾਲਾਤਾਂ ਵਿੱਚ, ਸਾਡੇ ਕੰਮਾਂ ਜਾਂ ਵਿਹਾਰ ਦਾ ਨਤੀਜਾ ਪ੍ਰੇਰਕ ਹੋ ਸਕਦਾ ਹੈ ਜੋ ਸਾਨੂੰ ਸਾਡੀ ਖੁਦੀ ਨੂੰ ਖਤਮ ਕਰਨ ਵੱਲ ਲੈ ਜਾਂਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਜਾਣਦੇ ਹੋ ਕਿ ਤੁਸੀਂ ਹੁਣ ਉਸੇ ਤਰ੍ਹਾਂ ਕੰਮ ਨਹੀਂ ਕਰ ਸਕਦੇ ਅਤੇ ਤਬਦੀਲੀ ਜ਼ਰੂਰ ਹੋਣੀ ਚਾਹੀਦੀ ਹੈ ਜਾਂ ਇੱਕ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ। ਤੁਸੀਂ ਪਹਿਲਾਂ ਹੀ ਉਸ ਬਿੰਦੂ ’ਤੇ ਪਹੁੰਚ ਗਏ ਹੋਵੋਗੇ ਜਿੱਥੇ ਤੁਸੀਂ ਨਤੀਜੇ ਦੁਆਰਾ ਕੀਮਤ ਚੁਕਾ ਰਹੇ ਹੋ। ਸਾਡੇ ਵਿੱਚੋਂ ਬਹੁਤ ਸਾਰੇ ਆਪਣੀ ਜ਼ਿੰਦਗੀ ਦੀ ਯਾਤਰਾ ਵਿੱਚ ਇੱਕ ਜਗ੍ਹਾ ’ਤੇ ਪਹੁੰਚ ਜਾਂਦੇ ਹਨ ਜਦੋਂ ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਹੁਣ ਆਪਣੇ ਆਪ ’ਤੇ ਭਰੋਸਾ ਨਹੀਂ ਕਰ ਸਕਦੇ। ਖੁਦ ਕੰਮ ਨਹੀਂ ਹੋ ਰਿਹਾ ਹੈ। ਸਾਨੂੰ ਇਹ ਪਤਾ ਲਗਾਉਣ ਦੀ ਜ਼ਰੂਰਤ ਹੈ ਕਿ ਸੱਚਾ ਪਰਮੇਸ਼ੁਰ ਕੌਣ ਹੈ ਅਤੇ ਅਤੇ ਆਪਣੇ ਆਪ ਉੱਤੇ ਭਰੋਸਾ ਕਰਨ ਛੱਡ ਦੇਣ ਦੀ ਲੋੜ੍ਹ ਹੈ।



# ਕੀ ਹੋਇਆ

ਜਦੋਂ ਅਸੀਂ ਆਪਣੇ ਆਪ ਨੂੰ ਹਲੀਮ ਕਰ ਲੈਂਦੇ ਹਾਂ ਅਤੇ ਇਹ ਜਾਣ ਲੈਂਦੇ ਹਾਂ ਕਿ ਅਸੀਂ ਬ੍ਰਹਿਮੰਡ ਦੇ ਮਾਲਕ ਨਹੀਂ ਹਾਂ, ਤਾਂ ਅਸੀਂ ਆਪਣੇ ਵਿਕਲਪਾਂ ਨੂੰ ਵੇਖਣਾ ਸ਼ੁਰੂ ਕਰ ਦਿੰਦੇ ਹਾਂ। ਇੱਕ ਅਜੀਬ ਅਤੇ ਚਮਤਕਾਰੀ ਢੰਗ ਨਾਲ, ਇੱਕ ਘੋਸ਼ਣਾਕਰਤਾ ਪ੍ਗਟ ਹੁੰਦਾ ਹੈ, ਕੋਈ ਵਿਅਕਤੀ ਜੋ ਸਾਨੂੰ ਬਿਹਤਰ ਅਤੇ ਸਦੀਪਕ ਜੀਵਨ ਅਤੇ ਪਰਮੇਸ਼ੁਰ ਨਾਲ ਮੇਲ ਕਰਨ ਬਾਰੇ ਦੱਸਦਾ ਹੈ। ਇਹ ਦੋਸਤ ਜਾਂ ਰਿਸ਼ਤੇਦਾਰ ਜਾਂ ਬੱਚੇ, ਭਰਾ, ਭੈਣ ਜਾਂ ਦੋਸਤ ਦੇ ਰੂਪ ਵਿੱਚ ਹੋ ਸਕਦਾ ਹੈ। ਉਹ ਤੁਹਾਨੂੰ ਗਿਰਜਾਘਰ ਜਾਣ ਜਾਂ ਬਾਈਬਲ ਅਧਿਐਨ ਕਰਨ ਲਈ ਆਖ ਸਕਦਾ ਹੈ। ਉਹ ਤੁਹਾਨੂੰ (ਉਸ



ਦੀ ਆਪਣੀ ਨਿੱਜੀ ਗਵਾਹੀ ਰਾਹੀਂ) ਗਵਾਹੀ ਦੇ ਸਕਦਾ ਹੈ ਅਤੇ ਸੁਝਾਅ ਦਿੰਦਾ ਹੈ ਕਿ ਤੁਸੀਂ ਆਪਣੀਆਂ ਮੁਸ਼ਕਲਾਂ ਪ੍ਰਤੀ ਵਧੇਰੇ ਆਤਮਿਕ ਪਹੁੰਚ ਦੀ ਕੋਸ਼ਿਸ਼ ਕਰੋ ਜਿਵੇਂ ਕਿ ਪਹਿਲਾਂ ਯਿਸੂ ਨੂੰ ਭਾਲਣਾ ਅਤੇ ਪਹਿਲਾਂ ਵਾਂਗ ਚੱਲਣ ਦੀ ਤੁਹਾਡੀ ਸ਼ਕਤੀ ਦੀ ਘਾਟ ਨੂੰ ਮੰਨਣਾ। ਪਰ ਕੁਝ ਤੁਹਾਡਾ



ਧਿਆਨ ਖਿੱਚਦਾ ਹੈ ਜਦੋਂ ਤੁਸੀਂ ਪਰਮੇਸ਼ੁਰ ਨੂੰ ਭਾਲਦੇ ਹੋ ਅਤੇ ਤੁਸੀਂ ਆਤਮ ਸਮਰਪਣ ਕਰਨ ਅਤੇ ਜੀਵਨ ਦੀ ਨਵੀਂ ਸ਼ੈਲੀ ਨੂੰ ਅਪਣਾਉਣ ਲਈ ਤਿਆਰ ਹੁੰਦੇ ਹੋ। ਤੁਸੀਂ ਪਰਮੇਸ਼ੁਰ ਦੀ ਸੰਤਾਨ ਬਣਨਾ ਚਾਹੁੰਦੇ ਹੋ ਅਤੇ ਅਤੇ ਸਭ ਪ੍ਰਕਾਰ ਨਾਲ ਇਹ ਕੀਤਾ ਜਾ ਸਕਦਾ ਹੈ। ਇਹ ਤੁਹਾਡੇ ਨਾਲ ਹੁੰਦਾ ਹੈ। ਤੁਸੀਂ ਪ੍ਰਭੂ ਯਿਸੂ ਮਸੀਹ ਉੱਤੇ ਭਰੋਸਾ ਕਰਨ ਆ ਚੁੱਕੇ ਹੋ ਅਤੇ ਉਸ ਨੂੰ ਆਪਣੀ ਇੱਛਾ ਅਤੇ ਆਪਣੀਆਂ ਜ਼ਿੰਦਗੀਆਂ ਉੱਤੇ ਰਾਜ ਕਰਨ ਲਈ ਕਹਿ ਚੁੱਕੇ ਹੋ। ਨਵੀਂ ਜ਼ਿੰਦਗੀ ਸ਼ੁਰੂ ਹੋ ਗਈ ਹੈ।

# ਇਹ ਹੁਣ ਕਿਵੇਂ ਹੈ

ਤੁਸੀਂ ਪਰਮੇਸ਼ੁਰ ਦੀ ਸੰਤਾਨ, ਇੱਕ ਨਵਾਂ ਜਨਮ ਪਾਏ ਵਿਸ਼ਵਾਸੀ ਬਣ ਗਏ ਹੋ। ਤੁਸੀਂ ਪ੍ਰਭੂ ਯਿਸੂ ਮਸੀਹ ਦੇ ਪ੍ਰਭੂ, ਪਰਮੇਸ਼ੁਰ, ਮੁਕਤੀਦਾਤਾ ਅਤੇ ਜੀਵਨ ਹੋਣ ਤੇ ਵਿਸ਼ਵਾਸ ਕੀਤਾ ਹੈ ਅਤੇ ਉਸ ਨੂੰ ਪਿਆਰ ਕੀਤਾ ਹੈ। ਤੁਹਾਡੀ ਜ਼ਿੰਦਗੀ ਬਦਲ ਗਈ ਹੈ ਅਤੇ ਤੁਸੀਂ ਇੱਕ ਨਵੇਂ ਰਵੱਈਏ ਅਤੇ ਨਵੀਂਆਂ ਕਦਰਾਂ ਕੀਮਤਾਂ ਦੇ ਨਾਲ ਰਾਹ ਤੇ ਹੋ। ਹੁਣ ਤੁਸੀਂ ਆਪਣੇ ਸਵਰਗੀ ਪਿਤਾ ਨੂੰ ਜਵਾਬਦੇਹ ਹੋ। ਇਸ ਭਾਗ ਵਿੱਚ ਤੁਸੀਂ ਉਨ੍ਹਾਂ ਤਰੀਕਿਆਂ ਬਾਰੇ ਦੱਸਦੇ ਹੋ ਜਿੰਨ੍ਹਾਂ ਦੁਆਰਾ ਤੁਹਾਡੀ ਜ਼ਿੰਦਗੀ ਬਦਲੀ ਹੈ ਅਤੇ ਤੁਹਾਡੀ ਸੋਚ ਅਤੇ ਇੱਥੋਂ ਤੱਕ ਕਿ ਤੁਹਾਡੀ ਸ਼ਖਸੀਅਤ ਵੀ ਬਦਲ ਗਈ ਹੈ। ਦੱਸੋ ਕਿ ਕਿਵੇਂ ਪਰਮੇਸ਼ੁਰ ਦੀ ਦਯਾ ਤੁਹਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਤਿਆਰ ਕਰ ਰਹੀ ਹੈ ਅਤੇ ਕਿਵੇਂ ਪਰਮੇਸ਼ੁਰ ਦਾ ਆਤਮਾ ਤੁਹਾਨੂੰ ਸਹੀ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ ਅਤੇ ਜਦੋਂ ਤੁਸੀਂ ਗਲਤ ਰਸਤੇ ’ਤੇ ਜਾ ਰਹੇ ਹੋ ਤਾਂ ਤੁਹਾਨੂੰ ਸੁਧਾਰਦਾ ਹੈ। ਤੁਸੀਂ ਇਸ ਭਾਗ ਵਿੱਚ ਭਲਾਈ ਅਤੇ ਬੁਰਾਈ ਬਾਰੇ ਦੱਸ ਸਕਦੇ ਹੋ। ਅਸੀਂ ਜਾਣਦੇ ਹਾਂ ਕਿ ਇਹ ਹਮੇਸ਼ਾ ਭਲੇ ਬਾਰੇ ਹੀ ਨਹੀਂ ਹੁੰਦਾ। ਮਹੱਤਵਪੂਰਣ ਗੱਲ ਇਹ ਹੈ ਕਿ ਤੁਹਾਡੇ ਵਿੱਚ ਮਸੀਹ ਇੱਕ ਕੰਮ ਕਰ ਰਿਹਾ ਹੈ ਅਤੇ ਤੁਸੀਂ ਚੱਲ ਰਹੇ ਕੰਮ ਹੋ।



# ਅੱਗੇ ਕੀ ਹੈ



ਅਸੀਂ ਇੱਥੋਂ ਮਸੀਹ ਵਿੱਚ ਵਧਦੇ ਹਾਂ। ਕਈ ਵਾਰ ਰਾਹ ਖ਼ਰਾਬ ਹੁੰਦਾ ਹੈ ਅਤੇ ਟੋਇਆਂ ਨਾਲ ਭਰਿਆ ਹੁੰਦਾ ਹੈ, ਪਰ ਸਾਡੇ ਕੋਲ ਆਉਂਦੀਆਂ ਰੁਕਾਵਟਾਂ ਅਤੇ ਸਮੱਸਿਆਵਾਂ ਨਾਲ ਨਜਿੱਠਣ ਲਈ ਨਵੇਂ ਸਾਧਨ ਹਨ। ਸਾਡੇ ਅੰਦਰ ਪਵਿੱਤਰ ਆਤਮਾ ਦੁਆਰਾ ਪਰਮੇਸ਼ੁਰ ਦੀ ਸਮਰੱਥਾ ਹੈ ਤਾਂ ਜੋ ਸਾਨੂੰ ਰਸਤਾ ਦਿਖਾਵੇ ਅਤੇ ਪੁਰਾਣੀ ਜ਼ਿੰਦਗੀ ਦੀਆਂ ਗਲਤ ਚੋਣਾਂ ਕਰਨ ਤੋਂ ਸਾਨੂੰ ਰੋਕੇ।



ਅਸੀਂ ਬਾਈਬਲ ਦਾ ਅਧਿਐਨ ਕਰਦੇ ਹਾਂ ਅਤੇ ਉਸ ਦੇ ਤਰੀਕੇ ਅਤੇ ਚਾਲ-ਚਲਣ ਸਿੱਖ ਕੇ ਮਸੀਹ ਦੀ ਨਕਲ ਕਰਨੀ ਸਿੱਖਦੇ ਹਾਂ। ਸਾਨੂੰ ਅਹਿਸਾਸ ਹੋਇਆ ਅਤੇ ਇਹ ਸਮਝ ਆਇਆ ਕਿ ਜਦੋਂ ਮਸੀਹ ਮਾਰਿਆ ਗਿਆ, ਸਾਡੀ ਪੁਰਾਣੀ ਇਨਸਾਨੀਅਤ ਵੀ ਉਸ ਦੇ ਨਾਲ ਮਰ ਗਈ ਅਤੇ ਅਸੀਂ ਹੁਣ ਨਵੇਂ ਜੀਵ ਹਾਂ। ਸਾਨੂੰ ਬੱਸ ਇਹ ਜਾਨਣ ਅਤੇ ਸਮਝਣ ਦੀ ਜ਼ਰੂਰਤ ਹੈ ਕਿ ਯਿਸੂ ਮਸੀਹ ਸਾਡੇ ਵਿੱਚ ਰਹਿੰਦਾ ਹੈ ਅਤੇ ਉਹ ਮੁੱਢਲੀ ਸੱਚਾਈ ਉਚਿਤ ਹੈ ਜਿਵੇਂ ਕਿ ਅਸੀਂ ਬਚਾਏ ਜਾ ਰਹੇ ਹਾਂ ਅਤੇ ਉਸ ਦੇ ਸਰੂਪ ਵਿੱਚ ਬਦਲ ਰਹੇ ਹਾਂ। ਜਦੋਂ ਤੁਸੀਂ ਇੱਕ ਮਸੀਹੀ ਦੇ ਰੂਪ ਵਿੱਚ ਪਰਿਪੱਕ ਹੋ ਜਾਂਦੇ ਹੋ ਤਾਂ ਤੁਸੀਂ ਜੀ ਉੱਠੇ ਮੁਕਤੀਦਾਤਾ ਦੀ ਨਕਲ ਕਰਨਾ ਸ਼ੁਰੂ ਕਰਦੇ ਹੋ। ਤੁਹਾਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਜੀਵਤ ਯਿਸੂ ਮਸੀਹ, ਜੀਵਤ ਪਰਮੇਸ਼ੁਰ ਤੁਹਾਡੇ ਵਿੱਚ ਆਪਣੀ ਜ਼ਿੰਦਗੀ ਜੀਉਣ ਨੂੰ ਲੋਚਦਾ ਹੈ ਅਤੇ ਤੁਹਾਡੇ ਦੁਆਰਾ ਉਨ੍ਹਾਂ ਦੇ ਨਾਲ ਆਪਣੀਆਂ ਇੱਛਾਵਾਂ ਪੂਰੀਆਂ ਕਰਨ ਲਈ ਲੋਚਦਾ ਹੈ ਜੋ ਉਸ ਦੇ ਹਨ, ਪਰਮੇਸ਼ੁਰ ਦੇ ਬੱਚੇ ਹਨ। ਤੁਸੀਂ ਹੋਰ ਮਸੀਹ ਵਰਗੇ ਬਣ ਰਹੇ ਹੋ, ਅਤੀਤ ਨੂੰ ਪਿੱਛੇ ਛੱਡ ਕੇ ਉਸ ਦੇ ਮਗਰ ਚੱਲਦੇ ਹੋਏ।






3, ਯੂਹੰਨਾ 9:25, ਯੂਹੰਨਾ 12:17, ਕੁਲੁੱਸੀਆਂ 4:5-6, 1 ਥੱਸਲੁਨੀਕੀਆਂ 1:6-8, 1 ਪਤਰਸ 3:15, ਪਰਕਾਸ਼ ਦੀ ਪੋਥੀ 12:11, ਪਰਕਾਸ਼ ਦੀ ਪੋਥੀ 19:10



# ਗਵਾਹੀ ਕਿਵੇਂ ਦੇਈਏ

**ਇੱਕ ਅਵਿਸ਼ਵਾਸੀ ਨੂੰ ਯਿਸੂ ਮਸੀਹ ਬਾਰੇ ਦੱਸਣ ਲਈ ਨਿਰਦੇਸ਼।**

ਹੇਠਾਂ ਦਿੱਤੇ ਦਸ ਸੁਝਾਅ ਸਲੀਬ ਦਾ ਸੰਦੇਸ਼ ਦੇਣ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਹਨ। ਦਿਸ਼ਾ ਨਿਰਦੇਸ਼ਾਂ ਦਾ ਧਿਆਨ ਨਾਲ ਪਾਲਣ ਕਰੋ ਅਤੇ ਤੁਸੀਂ ਸਫਲ ਹੋਵੋਗੇ। ਤੁਸੀਂ ਪ੍ਰਭਾਵਸ਼ਾਲੀ ਬੀਜ ਬੀਜਣ ਵਾਲੇ ਅਤੇ ਰੂਹਾਂ ਜਿੱਤਣ ਵਾਲੇ ਬਣੋਗੇ। ਕਿਸੇ ਵੀ ਸਥਿਤੀ ਵਿੱਚ, ਤੁਸੀਂ ਪਰਮੇਸ਼ੁਰ ਦੇ ਰਾਜ ਦੇ ਵਿਸਥਾਰ ਕਰਨ ਵਿੱਚ ਲੱਗੇ ਰਹੋਗੇ ਅਤੇ ਇਹ ਤੁਹਾਡੀ ਹੋਂਦ ਦਾ ਪ੍ਰਮੁੱਖ ਉਦੇਸ਼ ਹੈ।

• **ਦਸ ਲੋਕਾਂ ਬਾਰੇ ਸੋਚੋ।** ਇਹ ਦੋਸਤ, ਰਿਸ਼ਤੇਦਾਰ, ਅਜ਼ੀਜ਼ ਜਾਂ ਉਹ ਲੋਕ ਹੋ ਸਕਦੇ ਹਨ ਜਿੰਨ੍ਹਾਂ ਨਾਲ ਤੁਸੀਂ ਕੰਮਕਾਜ ਕਰਦੇ ਹੋ ਜਾਂ ਰੋਜ਼ਾਨਾ ਜਿਥੇ ਤੁਸੀਂ ਖਰੀਦੀ ਕਰਦੇ ਹੋ, ਖੇਡਦੇ ਹੋ ਅਤੇ ਕੰਮ ਕਰਦੇ ਹੋ।

• **ਉਨ੍ਹਾਂ ਦੇ ਨਾਮ ਲਿਖੋ।** ਜਦੋਂ ਤੁਸੀਂ ਦਸ ਵਿਸ਼ੇਸ਼ ਨਾਮ ਲਿਖ ਲੈਂਦੇ ਹੋ, ਤਾਂ ਕਾਗਜ਼ ਦੇ ਟੁਕੜੇ ਨੂੰ ਕਿਤੇ ਅਜਿਹੇ ਸਥਾਨ ’ਤੇ ਰੱਖੋ ਜਿੱਥੋਂ ਵੇਖਕੇ ਤੁਹਾਨੂੰ ਹਰ ਰੋਜ਼ ਉਨ੍ਹਾਂ ਦੀ ਯਾਦ ਆਵੇ।

• **ਹਰ ਵਿਅਕਤੀ ਦੀ ਮੁਕਤੀ ਲਈ ਪ੍ਰਾਰਥਨਾ ਕਰਨਾ ਸ਼ੁਰੂ ਕਰੋ।** ਜਦੋਂ ਤੁਸੀਂ ਪ੍ਰਾਰਥਨਾ ਕਰਦੇ ਹੋ, ਪਰਮੇਸ਼ੁਰ ਤੋਂ ਮੰਗੋ ਕਿ ਯਿਸੂ ਅਤੇ ਸਦੀਪਕ ਜੀਵਨ ਬਾਰੇ ਸੁਣਨ ਲਈ ਉਨ੍ਹਾਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਖੋਲ੍ਹੇ। ਯਾਦ ਰੱਖੋ ਅਸੀਂ ਮਾੜੇ ਲੋਕਾਂ ਨੂੰ ਚੰਗੇ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਪਰ ਆਤਮਿਕ ਤੌਰ ਤੇ ਮਰ ਚੁੱਕੇ ਲੋਕਾਂ ਨੂੰ ਸਦੀਪਕ ਜੀਵਨ ਦਾ ਤੋਹਫ਼ਾ ਦੇ ਕੇ, ਜੋ ਤੁਹਾਨੂੰ ਪ੍ਰਾਪਤ ਹੋਇਆ ਹੈ, ਜੀਵਨ ਦੇ ਰਹੇ ਹਾਂ।

• **ਹਰੇਕ ਲਈ ਇੱਕੀ ਦਿਨ ਪ੍ਰਾਰਥਨਾ ਕਰਦੇ ਰਹੋ।** ਪਰਮੇਸ਼ੁਰ ਇਸ ਦੀ ਪ੍ਰਵਾਹ ਨਹੀਂ ਕਰਦਾ ਕਿ ਇਨ੍ਹਾਂ ਵਿਸ਼ੇਸ਼ ਰੂਹਾਂ ਲਈ ਪ੍ਰਾਰਥਨਾ ਕਰਨ ਵਿੱਚ ਤੁਸੀਂ ਕਿੰਨਾ ਸਮਾਂ ਬਿਤਾਇਆ, ਪਰ ਅਸੀਂ ਜਾਣਦੇ ਹਾਂ ਕਿ ਇੱਕ ਆਦਤ ਸਥਾਪਤ ਕਰਨ ਵਿੱਚ 21 ਦਿਨ ਲੱਗਦੇ ਹਨ। ਇਸ ਲਈ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਐਨਾ ਸਮਾਂ ਉਨ੍ਹਾਂ ਲਈ ਪ੍ਰਾਰਥਨਾ ਕੀਤੀ ਹੈ। ਤਦ ਤੁਸੀਂ ਗੁਆਚੇ ਹੋਇਆਂ ਲਈ ਪ੍ਰਾਰਥਨਾ ਕਰਨ ਦੀ ਇੱਕ ਸ਼ਕਤੀਸ਼ਾਲੀ ਆਦਤ ਸਥਾਪਤ ਕਰ ਲਈ ਹੈ।



• **ਹਰ ਇੱਕ ਨਾਲ ਸੰਪਰਕ ਕਰਨਾ ਸ਼ੁਰੂ ਕਰੋ।** 21 ਦਿਨਾਂ ਬਾਅਦ, ਤੁਸੀਂ ਆਪਣੇ ਵਿਸ਼ਿਆਂ ਨੂੰ ਪ੍ਰਾਰਥਨਾ ਨਾਲ ਪੂਰਾ ਕੀਤਾ ਹੈ ਅਤੇ ਹੁਣ ਸਮਾਂ ਕੰਮ ਕਰਨ ਦਾ ਸਮਾਂ ਹੈ। ਪਹਿਲੇ ਨੂੰ ਫੋਨ ਕਰੋ ਅਤੇ ਉਸ ਨੂੰ ਦੱਸੋ ਕਿ ਉਸ ਨੂੰ ਦਿਖਾਉਣ ਲਈ ਤੁਹਾਡੇ ਕੋਲ ਕੁਝ ਹੈ ਅਤੇ ਤੁਸੀਂ ਵੇਖਣਾ ਚਾਹੋਗੇ ਕਿ ਕੀ ਸਹੀ ਹੈ। ਆਪਣੇ ਦੋਸਤ ਨੂੰ ਕਾਫੀ ਜਾਂ ਦੁਪਹਿਰ ਦੇ ਖਾਣੇ ਲਈ ਬੁਲਾਓ। ਕਾਲਾਂ ਜਾਂ ਸੰਪਰਕਾਂ ਨੂੰ ਜਾਰੀ ਰੱਖੋ ਜਦੋਂ ਤਕ ਤੁਹਾਨੂੰ ਹਾਂ ਵਿੱਚ ਜਵਾਬ ਨਹੀਂ ਮਿਲ ਜਾਂਦਾ।

• **ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ ਪੁਸਤਕ ਵਿਖਾਓ।** ਆਪਣੇ ਦੋਸਤ ਨੂੰ ਦੱਸੋ ਕਿ ਤੁਸੀਂ ਇਹ ਛੋਟੀ ਪੁਸਤਕ ਵੇਖੀ ਹੈ ਅਤੇ ਇਸ ਨੇ ਤੁਹਾਡੇ ਤੇ ਪ੍ਰਭਾਵ ਪਾਇਆ ਅਤੇ ਤੁਸੀਂ ਦੇਖਣਾ ਚਾਹੋਗੇ ਕਿ ਇਸ ਦਾ ਉਸ ਲਈ ਕੁਝ ਅਰਥ ਹੋ ਸਕਦਾ ਹੈ ਜਾਂ ਨਹੀਂ। ਜੇ ਤੁਹਾਡੇ ਕੋਲ ਕੰਪਿਊਟਰ ਜਾਂ ਆਈਪੈਡ ਜਾਂ ਹੋਰ ਮੋਬਾਈਲ ਉਪਕਰਣ ਹੈ, ਤਾਂ ਤੁਸੀਂ www.howtobeachildofgod.com ਤੇ ਜਾ ਸਕਦੇ ਹੋ ਅਤੇ ਜੇ ਤੁਹਾਡੇ ਕੋਲ ਪੁਸਤਕ ਦੀ ਇੱਕ ਕਾਪੀ ਨਹੀਂ ਹੈ ਈਬੁਕ ਨੂੰ ਪੜ੍ਹ ਸਕਦੇ ਹੋ ਜਾਂ ਵੀਡੀਓ ਨੂੰ ਵੇਖ ਸਕਦੇ ਹੋ।

• **ਇੱਕ-ਇੱਕ ਸਫ਼ਾ ਕਰਕੇ ਪੂਰੀ ਪੁਸਤਕ ਨੂੰ ਵੇਖੋ।** ਸਫ਼ਾ 14 ਤੇ ਪ੍ਰਾਰਥਨਾ ਨੂੰ ਪੜ੍ਹੋ, ਪਰ ਪੁਸਤਕ ਦੇ ਪੂਰਾ ਹੋਣ ਤਕ ਪੜ੍ਹਣਾ ਜਾਰੀ ਰੱਖੋ। ਆਪਣੇ ਦੋਸਤ ਨੂੰ ਪੁਸਤਕ ਦੇ ਪਿੱਛੇ ਦਿੱਤੇ ਬਚਨਾਂ ਨੂੰ ਵਿਖਾਓ, ਇਹ ਦੱਸਦੇ ਹੋਏ ਕਿ ਜੇ ਬਾਈਬਲ ਉਪਲਬਧ ਨਾ ਹੋਵੇ ਤਾਂ ਉਹ ਅਸਾਨ ਹਵਾਲੇ ਲਈ ਹਨ। ਵਿਖਾਓ ਕਿ ਕਿਵੇਂ ਆਇਤਾਂ ਪਾਠ ਜਾਂ ਉਦਾਹਰਣ ਦੀ ਵਿਆਖਿਆ ਜਾਂ ਉਸ ਨੂੰ ਪ੍ਰਮਾਣਿਤ ਕਰਦੀਆਂ ਹਨ।

**• ਆਪਣੀ ਕਹਾਣੀ ਦੱਸੋ।** ਉਸ ਵਕਤ, ਆਪਣੀ ਕਹਾਣੀ ਜਾਂ ਗਵਾਹੀ ਦੱਸਣਾ ਸ਼ੁਰੂ ਕਰੋ ਕਿ ਤੁਸੀਂ ਯਿਸੂ ਮਸੀਹ ਨੂੰ ਕਿਵੇਂ ਜਾਣਿਆ। ਇੱਕ ਗਵਾਹੀ ਦੱਸਦੀ ਹੈ: *ਇਹ ਕਿਵੇਂ ਸੀ, ਕੀ ਹੋਇਆ, ਇਹ ਹੁਣ ਕਿਵੇਂ ਹੈ।* ਜੇ ਤੁਹਾਡੇ ਕੋਲ ਕੋਈ ਗਵਾਹੀ ਨਹੀਂ ਹੈ ਜਿਸ ਨੂੰ ਤੁਸੀਂ ਕਿਸੇ ਹੋਰ ਨਾਲ ਜੋੜ ਸਕਦੇ ਹੋ, ਤੁਹਾਨੂੰ ਪੁਸਤਕ ਨੂੰ ਨਿੱਜੀ ਤੌਰ ਤੇ ਪੜ੍ਹਣਾ ਚਾਹੀਦਾ ਹੈ, ਸਫ਼ਾ 14 ’ਤੇ ਉੱਚੀ ਆਵਾਜ਼ ਵਿੱਚ ਪ੍ਰਾਰਥਨਾ ਕਰੋ ਅਤੇ ਜੋ ਤੁਸੀਂ ਆਪਣੇ ਦਿਲ ਵਿੱਚ ਕਿਹਾ ਹੈ ਉਸ ਤੇ ਵਿਸ਼ਵਾਸ ਕਰੋ। ਫਿਰ ਤੁਸੀਂ ਵਾਪਸ ਜਾ ਸਕਦੇ ਹੋ ਅਤੇ ਗੱਲਬਾਤ ਜਾਰੀ ਰੱਖ ਸਕਦੇ ਹੋ। ਲੇਖ ਨੂੰ ਵੇਖੋ *ਆਪਣੀ ਕਹਾਣੀ ਕਿਵੇਂ ਦੱਸੀਏ: ਨਿੱਜੀ ਗਵਾਹੀ ਦੇ ਦੁਆਰਾ ਮਸੀਹੀ ਗਵਾਹੀ ਇਨ੍ਹਾਂ ਸਫ਼ਿਆਂ ਤੋਂ ਪਹਿਲਾਂ ਹੈ।*



ਮਸੀਹ ਤੁਹਾਡੇ ਵਿੱਚ
ਕੁਲੁੱਸੀਆਂ 1:27

**• ਪ੍ਰਮੁੱਖ ਪ੍ਰਸ਼ਨ ਪੁੱਛੋ।** ਆਪਣੇ ਦੋਸਤ ਨੂੰ ਪੁੱਛੋ ਕਿ ਤੁਸੀਂ ਜੋ ਕਿਹਾ ਹੈ ਉਸ ਦਾ ਉਹ ਦੇ ਲਈ ਕੁਝ ਅਰਥ ਹੈ। ਉਸ ਨੂੰ ਪੁੱਛੋ ਕਿ ਕੀ ਉਸ ਨੂੰ ਲਗਦਾ ਹੈ ਕਿ ਉਹ ਮਰਨ ਤੋਂ ਬਾਅਦ ਸਵਰਗ ਜਾਵੇਗਾ। ਉਸ ਨੂੰ ਪੁੱਛੋ ਕਿ ਉਹ ਕੀ ਸੋਚਦਾ ਹੈ ਕਿ ਸਦੀਪਕ ਜੀਵਨ ਦਾ ਅਰਥ ਕੀ ਹੈ। ਉਸ ਨੂੰ ਆਤਮਿਕ ਅਤੇ ਮਸੀਹ ਕੇਂਦਰਿਤ ਗੱਲਬਾਤ ਵਿੱਚ ਸ਼ਾਮਲ ਕਰੋ। ਪਰਮੇਸ਼ੁਰ ਤੁਹਾਨੂੰ ਬੋਲਣ ਲਈ ਸ਼ਬਦ ਦੇਵੇਗਾ, ਤੁਹਾਨੂੰ ਸਿਰਫ ਤਿਆਰ ਅਤੇ ਖੁੱਲੇ ਹੋਣ ਦੀ ਜ਼ਰੂਰਤ ਹੈ।

**• ਆਪਣੇ ਦੋਸਤ ਦੀ ਯਿਸੂ ਮਸੀਹ ਨੂੰ ਜਾਣਨ ਵਿੱਚ ਅਗਵਾਈ ਕਰੋ।** ਜੇ ਉਹ ਵਿਅਕਤੀ ਸਕਾਰਾਤਮਕ ਢੰਗ ਨਾਲ ਜਵਾਬ ਦਿੰਦਾ ਹੈ, (ਮੈਂ ਉਹ ਚਾਹੁੰਦਾ ਹਾਂ ਜੋ ਤੁਹਾਡੇ ਕੋਲ ਹੈ। ਤੁਸੀਂ ਇੱਕ ਮਸੀਹੀ ਕਿਵੇਂ ਬਣੇ ਹੋ? ਮੈਂ ਹੋਰ ਜਾਣਨਾ ਚਾਹੁੰਦਾ ਹਾਂ।) ਪਰਮੇਸ਼ੁਰ ਦਾ ਬੱਚਾ ਕਿਵੇਂ ਬਣੀਏ ਦੇ ਸਫ਼ਾ 14 ਤੇ ਪ੍ਰਾਰਥਨਾ ਵਿੱਚ ਵਾਪਸ ਜਾ ਕੇ ਉਸ ਦੀ ਮਸੀਹ ਵੱਲ ਅਗਵਾਈ ਕਰੋ ਅਤੇ ਆਪਣੇ ਦੋਸਤ ਨੂੰ ਆਪਣੇ ਆਪ ਜਾਂ ਤੁਹਾਡੇ ਮਗਰ ਦੁਹਰਾਉਂਦੇ ਹੋਏ ਉੱਚੀ ਆਵਾਜ਼ ਵਿੱਚ ਪ੍ਰਾਰਥਨਾ ਕਰਨ ਦਿਓ। ਉਸ ਨਾਲ ਪ੍ਰਾਰਥਨਾ ਕਰਨ ਤੋਂ ਬਾਅਦ, ਪੰਨੇ 15-20 ਤੇ ਦਿੱਤੇ ਪਾਠ ਅਤੇ ਤਸਵੀਰਾਂ ’ਤੇ ਵਾਪਸ ਜਾਓ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਲੀਬ ਦੇ ਸੰਦੇਸ਼ ਦੇ ਸੰਬੰਧ ਵਿੱਚ ਸਭ ਕੁਝ ਸਮਝਿਆ ਗਿਆ ਹੈ। ਜੇ ਤੁਸੀਂ ਚੰਗੀ ਤਰ੍ਹਾਂ ਗਵਾਹੀ ਦਿੱਤੀ ਹੈ, ਤਾਂ ਮਹਿਮਾ ਵਿੱਚ ਇੱਕ ਨਵਾਂ ਨਾਮ ਲਿਖਿਆ ਹੋਵੇਗਾ ਅਤੇ ਤੁਹਾਡਾ ਦੋਸਤ ਪਰਮੇਸ਼ੁਰ ਦੀ ਸੰਤਾਨ ਹੋਵੇਗਾ!

# ਫਸਲ ਵੱਢਣਾ

ਜੇ ਤੁਸੀਂ ਇਨ੍ਹਾਂ ਸਧਾਰਣ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਰੂਹਾਂ ਜਿੱਤਣ ਵਾਲੇ ਬਣ ਜਾਓਗੇ। ਕੋਈ ਪ੍ਰਸ਼ਨ ਜਾਂ ਸ਼ਰਤ ਨਹੀਂ ਹੈ। ਪਰਮੇਸ਼ੁਰ ਨੇ ਤੁਹਾਨੂੰ ਇੱਕ ਬਹੁਤ ਹੀ ਵੱਖਰੀ ਸ਼ਖਸੀਅਤ ਅਤੇ ਪ੍ਰਭਾਵ ਦੇ ਖੇਤਰ ਨਾਲ ਬਣਾਇਆ ਹੈ ਜੋ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਿੰਨ੍ਹਾਂ ਨੂੰ ਤੁਸੀਂ ਪਹਿਲਾਂ ਤੋਂ ਹੀ ਜਾਣਦੇ ਹੋ। ਤੁਹਾਨੂੰ ਬੱਸ ਉਨ੍ਹਾਂ ਲਈ ਪ੍ਰਾਰਥਨਾ ਕਰਨ ਅਤੇ ਉਨ੍ਹਾਂ ਕੋਲ ਜਾਣ ਦੀ ਲੋੜ ਹੈ। **ਬਾਕੀ ਕੰਮ ਉਹ ਆਪ ਕਰੇਗਾ!** ਸੰਭਾਵਨਾਵਾਂ ਹਨ, ਸਾਰੇ ਲੋਕ ਜੋ ਤੁਸੀਂ ਆਪਣੀ ਸੂਚੀ ਵਿੱਚ ਰੱਖੇ ਹਨ, ਉਹ ਹਨ ਜਿਨ੍ਹਾਂ ਨੂੰ ਉਸ ਨੇ ਚੁਣਿਆ ਹੈ। ਉਹਨਾਂ ਨੂੰ ਸਿਰਫ ਇੱਕ ਪ੍ਰਚਾਰਕ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਤੁਸੀਂ ਹੋਵੋਗੇ! **ਪਰਮੇਸ਼ੁਰ ਤੁਹਾਡੇ ਦੁਆਰਾ ਗੱਲ ਕਰੇਗਾ ਜਦੋਂ ਤੁਸੀਂ ਆਪਣੇ ਦੋਸਤ ਨਾਲ ਗੱਲ ਕਰਦੇ ਹੋ। ਬੱਸ ਵਿਸ਼ਵਾਸ ਕਰੋ ਕਿ ਸਭ ਕੁਝ ਸਮੇਂ ਤੋਂ ਪਹਿਲਾਂ ਤਿਆਰ ਕੀਤਾ ਗਿਆ ਹੈ ਅਤੇ ਪਰਮੇਸ਼ੁਰ ਤੁਹਾਡੇ ਆਉਣ ਦੀ ਉਡੀਕ ਕਰ ਰਿਹਾ ਹੈ।** ਆਪਣੇ ਆਪ ਨੂੰ ਉਪਲੱਬਧ ਕਰਾਓ ਅਤੇ ਇਹੋ ਸਾਡਾ ਪਿਤਾ ਚਾਹੁੰਦਾ ਹੈ। ਇਕੋ ਸ਼ਰਤ ਇਹ ਹੈ ਕਿ ਉਸ ਵਿਅਕਤੀ ਦੇ ਮਸੀਹ ਕੋਲ ਆਉਣ ਦਾ ਸਮਾਂ ਸ਼ਾਇਦ ਬਿਲਕੁਲ ਓਹੀ ਨਾ ਹੋਵੇ।



ਉਸ ਸਥਿਤੀ ਵਿੱਚ, ਤੁਸੀਂ ਉਸ ਦਿਨ ਰੂਹਾਂ ਜਿੱਤਣ ਵਾਲੇ ਨਹੀਂ ਹੋਵੋਗੇ, ਪਰ ਤੁਸੀਂ ਇੱਕ ਬੀਜ ਬੀਜਣ ਵਾਲੇ ਹੋਵੋਗੇ। ਕਿਸੇ ਵੀ ਤਰ੍ਹਾਂ, ਤੁਸੀਂ ਆਪਣੇ ਸਵਰਗੀ ਪਿਤਾ ਦੇ ਆਗਿਆਕਾਰ ਹੋਵੋਗੇ, ਅਤੇ ਇਹ ਉਹੋ ਹੈ ਜੋ ਉਹ ਕਹਿੰਦਾ ਹੈ। ਜੇ ਤੁਸੀਂ ਪਰਮੇਸ਼ੁਰ ਦੀ ਸੰਤਾਨ ਹੋ, ਤਾਂ ਕਦੇ ਵੀ ਇਹ ਤੁਸੀਂ ਨਹੀਂ ਹੋ ਜੋ ਕੰਮ ਦੀ ਦੇਖਭਾਲ ਕਰ ਰਿਹਾ ਹੈ, ਪਰ ਮਸੀਹ ਤੁਹਾਡੇ ਵਿੱਚ ਹੈ।

ਮੱਤੀ 4:19-20, ਮੱਤੀ 10:32, ਲੂਕਾ 9:60, ਲੂਕਾ 10:2, ਲੂਕਾ 19:10, ਯੂਹੰਨਾ। 15:16,
ਕਰਤੱਬ 1:8, ਕਾਰਜ 9:28, 1 ਤਿਮੋਥਿਉਸ 2:3-4

# ਵਰਣਮਾਲਾ ਦੇ ਕ੍ਰਮ ਵਿੱਚ ਬਾਈਬਲ ਦੀਆਂ ਆਇਤਾਂ ਦਾ ਪੂਰਾ ਪਾਠ

1 ਕੁਰਿੰਥੀਆਂ 15:22 ਜਿਸ ਤਰ੍ਹਾਂ ਆਦਮ ਵਿੱਚ ਸੱਭੇ ਮਰਦੇ ਹਨ ਉਸੇ ਤਰ੍ਹਾਂ ਮਸੀਹ ਵਿੱਚ ਸੱਭੇ ਜੁਆਏ ਜਾਣਗੇ। ਸਫ਼ਾ 17 & 23

1 ਕੁਰਿੰਥੀਆਂ 15:45-46 ਇਉਂ ਲਿਖਿਆ ਹੋਇਆ ਵੀ ਹੈ ਜੋ ਪਹਿਲਾਂ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ ਪਰ ਪਹਿਲਾ ਉਹ ਨਹੀਂ ਜਿਹੜਾ ਆਤਮਕ ਹੈ ਸਗੋਂ ਉਹ ਜਿਹੜਾ ਪ੍ਰਾਣਕ ਹੈ, ਫੇਰ ਇਹ ਦੇ ਮਗਰੋਂ ਉਹ ਜਿਹੜਾ ਆਤਮਕ ਹੈ। ਸਫ਼ਾ 6

1 ਕੁਰਿੰਥੀਆਂ 15:57 ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ! ਸਫ਼ਾ 8

1 ਕੁਰਿੰਥੀਆਂ 2:16 ਕਿਉਂ ਜੋ ਪ੍ਰਭੂ ਦੀ ਬੁੱਧੀ ਨੂੰ ਕਿਨ ਜਾਣਿਆ ਹੈ ਭਈ ਉਹ ਨੂੰ ਸਮਝਾਵੇ? ਪਰ ਮਸੀਹ ਦੀ ਬੁੱਧੀ ਸਾਡੇ ਵਿੱਚ ਹੈ। ਸਫ਼ਾ 22

1 ਕੁਰਿੰਥੀਆਂ 3:16-18 ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੈ? ਜੇ ਕੋਈ ਪਰਮੇਸ਼ੁਰ ਦੀ ਹੈਕਲ ਦਾ ਨਾਸ ਕਰੇ ਤਾਂ ਪਰਮੇਸ਼ੁਰ ਉਹ ਦਾ ਨਾਸ ਕਰੇਗਾ ਕਿਉਂ ਜੋ ਪਰਮੇਸ਼ੁਰ ਦੀ ਹੈਕਲ ਪਵਿੱਤਰ ਹੈ ਅਤੇ ਇਹੋ ਤੁਸੀਂ ਹੋ।।

1 ਕੁਰਿੰਥੀਆਂ 6:17 ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ। ਸਫ਼ਾ 15 & 16 & 24

1 ਕੁਰਿੰਥੀਆਂ 6:19-20 ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤ੍ਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ; ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ। ਸਫ਼ਾ 25

1 ਤਿਮੋਥਿਉਸ 2:3-4 ਸਾਡੇ ਮੁਕਤੀ ਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ। ਸਫ਼ਾ 40

1 ਤਿਮੋਥਿਉਸ 2:5-6 ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ ਜਿਹ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ। ਸਫ਼ਾ 8 & 12

1 ਥੱਸਲੁਨੀਕੀਆਂ 1:6-8 ਅਤੇ ਤੁਸੀਂ ਉਸ ਬਚਨ ਨੂੰ ਵੱਡੀ ਬਿਪਤਾ ਵਿੱਚ ਪਵਿੱਤਰ ਆਤਮਾ ਦੇ ਅਨੰਦ ਨਾਲ ਕਬੂਲ ਕਰ ਕੇ ਸਾਡੀ ਅਤੇ ਪ੍ਰਭੂ ਦੀ ਰੀਸ ਕਰਨ ਲੱਗ ਪਏ ਸਾਓ ਐਥੋਂ ਤੀਕ ਜੋ ਤੁਸੀਂ ਉਨ੍ਹਾਂ ਸਭਨਾਂ ਨਿਹਚਾਵਾਨਾਂ ਲਈ ਜਿਹੜੇ ਮਕਦੂਨਿਯਾ ਅਤੇ ਅਖਾਯਾ ਵਿੱਚ ਹਨ ਨਮੂਨਾ ਬਣੇ ਕਿਉਂ ਜੋ ਤੁਹਾਡੇ ਕੋਲੋਂ ਪ੍ਰਭੂ ਦੇ ਬਚਨ ਦੀ ਧੁੰਮ ਨਾ ਕੇਵਲ ਮਕਦੂਨਿਯਾ ਅਤੇ ਅਖਾਯਾ ਵਿੱਚ ਪਈ ਹੈ ਸਗੋਂ ਤੁਹਾਡੀ ਨਿਹਚਾ ਜੋ ਪਰਮੇਸ਼ੁਰ ਉੱਤੇ ਹੈ ਸਭਨਾਂ ਥਾਈਂ ਉਜਾਗਰ ਹੋ ਗਈ ਜਿਸ ਕਰਕੇ ਸਾਡੇ ਆਖਣ ਦੀ ਕੋਈ ਲੋੜ ਨਹੀਂ। ਸਫ਼ਾ 36

1 ਥੱਸਲੁਨੀਕੀਆਂ 5:23-24 ਅਤੇ ਸ਼ਾਂਤੀ ਦਾਤਾ ਪਰਮੇਸ਼ੁਰ ਆਪੇ ਤੁਹਾਨੂੰ ਪੂਰੀ ਤਰਾਂ ਪਵਿੱਤਰ ਕਰੇ ਅਰ ਤੁਹਾਡਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੇ ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ ਉਹ ਅਜਿਹਾ ਹੀ ਕਰੇਗਾ। ਸਫ਼ਾ 24 & 25

1 ਪਤਰਸ 1:18-19 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ। ਸਫ਼ਾ 25

1 ਪਤਰਸ 2:24 ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ। ਸਫ਼ਾ 4

1 ਪਤਰਸ 3:15 ਸਗੋਂ ਮਸੀਹ ਨੂੰ ਪ੍ਰਭੂ ਕਰਕੇ ਆਪਣੇ ਹਿਰਦੇ ਵਿੱਚ ਪਵਿੱਤਰ ਮੰਨੋ ਅਤੇ ਜਿਹੜੀ ਤੁਹਾਡੀ ਆਸ ਹੈ ਤੁਸੀਂ ਹਰੇਕ ਨੂੰ ਜੋ ਤੁਹਾਡੇ ਕੋਲੋਂ ਉਹ ਦਾ ਕਾਰਨ ਪੁੱਛੇ ਉੱਤਰ ਦੇਣ ਨੂੰ ਸਦਾ ਤਿਆਰ ਰਹੋ ਪਰ ਨਰਮਾਈ ਅਤੇ ਭੈ ਨਾਲ। ਸਫ਼ਾ 36

1 ਪਤਰਸ 3:18 ਕਿਉਂ ਜੋ ਮਸੀਹ ਨੇ ਭੀ ਇੱਕ ਵਾਰ ਪਾਪਾਂ ਦੇ ਪਿੱਛੇ ਦੁਖ ਝੱਲਿਆ ਅਰਥਾਤ ਧਰਮੀ ਨੇ ਕੁਧਰਮੀਆਂ ਦੇ ਲਈ ਭਈ ਉਹ ਸਾਨੂੰ ਪਰਮੇਸ਼ੁਰ ਦੇ ਕੋਲ ਪੁਚਾਵੇ । ਉਹ ਤਾਂ ਸਰੀਰ ਕਰਕੇ ਮਾਰਿਆ ਗਿਆ ਪਰ ਆਤਮਾ ਕਰਕੇ ਜਿਵਾਲਿਆ ਗਿਆ ਸਫ਼ਾ 12

1 ਯੂਹੰਨਾ 1:7 ਪਰ ਜੇ ਅਸੀਂ ਚਾਨਣ ਵਿੱਚ ਚੱਲੀਏ ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ। ਸਫ਼ਾ 4

1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। ਸਫ਼ਾ 26

1 ਯੂਹੰਨਾ 3:1-3 ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ਅਤੇ ਏਹੋ ਅਸੀਂ ਹਾਂ ਵੀ । ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ! ਅਸੀਂ ਇਹ ਜਾਣਦੇ ਹਾਂ ਭਈ ਜਦ ਉਹ ਪਰਗਟ

ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹ ਨੂੰ ਵੇਖਾਂਗੇ। ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ ਆਪਣੇ ਆਪ ਨੂੰ ਪਵਿੱਤਰ ਕਰਦਾ ਹੈ ਜਿਵੇਂ ਉਹ ਪਵਿੱਤਰ ਹੈ। ਸਫ਼ਾ 25

1 ਯੂਹੰਨਾ 3:9-10 ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ਕਿਉਂ ਜੋ ਉਹ ਦਾ ਬੀ ਓਸ ਵਿੱਚ ਰਹਿੰਦਾ ਹੈ ਅਤੇ ਉਹ ਪਾਪ ਨਹੀਂ ਕਰ ਸੱਕਦਾ ਇਸ ਲਈ ਜੋ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ ਇਸ ਤੋਂ ਪਰਮੇਸ਼ੁਰ ਦੇ ਬਾਲਕ ਅਤੇ ਸ਼ਤਾਨ ਦੇ ਬਾਲਕ ਪਰਗਟ ਹੁੰਦੇ ਹਨ । ਹਰ ਕੋਈ ਜਿਹੜਾ ਧਰਮ ਨਹੀਂ ਕਰਦਾ ਪਰਮੇਸ਼ੁਰ ਤੋਂ ਨਹੀਂ ਅਤੇ ਨਾ ਉਹ ਜਿਹੜਾ ਆਪਣੇ ਭਰਾ ਨਾਲ ਪ੍ਰੇਮ ਨਹੀਂ ਰੱਖਦਾ ਹੈ। ਸਫ਼ਾ 25

1 ਯੂਹੰਨਾ 5:12-13 ਜਿਹ ਦੇ ਕੋਲ ਪੁੱਤ੍ਰ ਹੈ ਉਹ ਦੇ ਕੋਲ ਜੀਵਨ ਹੈ । ਜਿਹ ਦੇ ਕੋਲ ਪਰਮੇਸ਼ੁਰ ਦਾ ਪੁੱਤ੍ਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ। ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤ੍ਰ ਦੇ ਨਾਮ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ। ਸਫ਼ਾ 15 & 16

1 ਯੂਹੰਨਾ 5:18-19 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਸੋ ਪਾਪ ਨਹੀਂ ਕਰਦਾ ਹੈ ਸਗੋਂ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਸੀ ਉਹ ਉਸ ਦੀ ਰੱਛਿਆ ਕਰਦਾ ਹੈ ਅਤੇ ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ ਅਸੀਂ ਜਾਣਦੇ ਹਾਂ ਭਈ ਅਸੀਂ ਪਰਮੇਸ਼ੁਰ ਤੋਂ ਹਾਂ ਅਤੇ ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ। ਸਫ਼ਾ 17

ਯੂਹੰਨਾ 1:20ਅ-23 ਕਿਉਂਕਿ ਜਿਹੜਾ ਉਹ ਦੀ ਕੁੱਖ ਵਿੱਚ ਆਇਆ ਹੈ ਉਹ ਪਵਿੱਤ੍ਰ ਆਤਮਾ ਤੋਂ ਹੈ ਉਹ ਪੁੱਤ੍ਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ ਇਹ ਸਭ ਕੁਝ ਇਸ ਲਈ ਹੋਇਆ ਭਈ ਜਿਹੜੀ ਗੱਲ ਪ੍ਰਭੁ ਨੇ ਨਬੀ ਦੀ ਜ਼ਬਾਨੀ ਆਖੀ ਸੀ ਉਹ ਪੂਰੀ ਹੋਵੇ ਕਿ ਵੇਖੋ ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤ੍ਰ ਜਣੇਗੀ, ਅਤੇ ਓਹ ਉਸ ਦਾ ਨਾਮ ਇੰਮਾਨੂਏਲ ਰੱਖਣਗੇ। ਜਿਹ ਦਾ ਅਰਥ ਇਹ ਹੈ, «ਪਰਮੇਸ਼ੁਰ ਅਸਾਡੇ ਸੰਗ।» ਸਫ਼ਾ 1

2 ਕੁਰਿੰਥੀਆਂ 5:16-21 ਸੋ ਅਸੀਂ ਹੁਣ ਤੋਂ ਕਿਸੇ ਨੂੰ ਸਰੀਰ ਦੇ ਅਨੁਸਾਰ ਨਹੀਂ ਸਿਆਣਦੇ ਹਾਂ ਭਾਵੇਂ ਅਸੀਂ ਮਸੀਹ ਨੂੰ ਸਰੀਰ ਦੇ ਅਨੁਸਾਰ ਜਾਣਿਆ ਹੈ ਪਰ ਹੁਣ ਉਸ ਤਰਾਂ ਉਹ ਨੂੰ ਫੇਰ ਨਹੀਂ ਜਾਣਦੇ ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ। ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ। ਸਫ਼ਾ 25

2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। ਸਫ਼ਾ 20

2 ਕੁਰਿੰਥੀਆਂ 5:18 ਪਰ ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿਹ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ ਅਤੇ ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ। ਸਫ਼ਾ 8

2 ਤਿਮੋਥਿਉਸ 1:7 ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਜਮ ਦਾ ਆਤਮਾ ਦਿੱਤਾ। ਸਫ਼ਾ 21

ਉਤਪਤ 2:16-17 ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਆਗਿਆ ਦਿੱਤੀ ਕਿ ਬਾਗ ਦੇ ਹਰ ਬਿਰਛ ਤੋਂ ਤੂੰ ਨਿਸੰਗ ਖਾਈਂ ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ। ਸਫ਼ਾ 6

ਉਤਪਤ 2:7 ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰੱਚਿਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ। ਸਫ਼ਾ 24

ਉਤਪਤ 2:8-9 ਤਾਂ ਯਹੋਵਾਹ ਪਰਮੇਸ਼ੁਰ ਨੇ ਇੱਕ ਬਾਗ ਅਦਨ ਵਿੱਚ ਪੂਰਬ ਵੱਲ ਲਾਇਆ ਅਤੇ ਉੱਥੇ ਉਸ ਨੇ ਉਸ ਆਦਮੀ ਨੂੰ ਜਿਹ ਨੂੰ ਉਸ ਨੇ ਰਚਿਆ ਸੀ ਰੱਖਿਆ ਅਤੇ ਯਹੋਵਾਹ ਪਰਮੇਸ਼ੁਰ ਨੇ ਜ਼ਮੀਨ ਤੋਂ ਹਰ ਬਿਰਛ ਜਿਹੜਾ ਵੇਖਣ ਵਿੱਚ ਸੁੰਦਰ ਸੀ ਅਰ, ਖਾਣ ਵਿੱਚ ਚੰਗਾ ਸੀ ਅਤੇ ਬਾਗ ਦੇ ਵਿਚਕਾਰ ਜੀਵਣ ਦਾ ਬਿਰਛ ਤੇ ਭਲੇ ਬੁਰੇ ਦੀ ਸਿਆਣ ਦਾ ਬਿਰਫ ਵੀ ਉਗਾਇਆ। ਸਫ਼ਾ 6

ਉਤਪਤ 3:23 ਸੋ ਯਹੋਵਾਹ ਪਰਮੇਸ਼ੁਰ ਨੇ ਉਹ ਨੂੰ ਅਦਨ ਦੇ ਬਾਗੋਂ ਕੱਢ ਦਿੱਤਾ ਤਾਂਜੋ ਉਹ ਉਸ ਜ਼ਮੀਨ ਨੂੰ ਵਾਹੇ ਜਿਸ ਤੋਂ ਉਹ ਕੱਢਿਆ ਗਿਆ ਸੀ। ਸਫ਼ਾ 6

ਉਤਪਤ 3:2-6 excਤੀਵੀਂ ਨੇ ਸੱਪ ਨੂੰ ਆਖਿਆ ਕਿ ਬਾਗ ਦੇ ਬਿਰਛਾਂ ਦੇ ਫਲੋਂ ਤਾਂ ਅਸੀਂ ਖਾਂਦੇ ਹਾਂ ਪਰ ਜਿਹੜਾ ਬਿਰਛ ਬਾਗ ਦੇ ਵਿਚਕਾਰ ਹੈ ਉਸ ਦੇ ਫਲ ਤੋਂ ਪਰਮੇਸ਼ੁਰ ਨੇ ਆਖਿਆ, ਤੁਸੀਂ ਨਾ ਖਾਓ ਨਾ ਉਹ ਨੂੰ ਹੱਥ ਲਾਓ ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ ਪਰ ਸੱਪ ਨੇ ਤੀਵੀਂ ਨੂੰ ਆਖਿਆ ਕਿ ਤੁਸੀਂ ਕਦੀ ਨਾ ਮਰੋਗੇ ਸਗੋਂ ਪਰਮੇਸ਼ੁਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਉਸ ਤੋਂ ਖਾਓਗੇ ਤੁਹਾਡੀਆਂ ਅੱਖੀਆਂ ਖੁਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ੁਰ ਵਾਂਙੁ ਭਲੇ ਬੁਰੇ ਦੀ ਸਿਆਣਵਾਲੇ ਹੋ ਜਾਓਗੇ ਜਾਂ ਤੀਵੀਂ ਨੇ ਵੇਖਿਆ ਕਿ ਉਹ ਬਿਰਛ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਉਹ ਬਿਰਛ ਬੁੱਧ ਦੇਣ ਲਈ ਲੋੜੀਂਦਾ ਹੈ ਤਾਂ ਉਸ ਨੇ ਉਹ ਦੇ ਫਲ ਤੋਂ ਲਿਆ ਤੇ ਆਪ ਖਾਧਾ ਨਾਲੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਖਾਧਾ। ਸਫ਼ਾ 6

ਉਪਦੇਸ਼ਕ 3:11 ਉਸ ਨੇ ਹਰੇਕ ਵਸਤ ਆਪੋ ਆਪਣੇ ਸਮੇਂ ਵਿੱਚ ਸੁੰਦਰ ਬਣਾਈ ਹੈ ਅਤੇ ਉਸ ਨੇ ਸਦੀਪਕਾਲ ਨੂੰ ਵੀ ਓਹਨਾਂ ਦੇ ਮਨ

ਵਿੱਚ ਟਿਕਾ ਦਿੱਤਾ ਹੈ, ਤਾਂ ਵੀ ਇਨਸਾਨ ਉਸ ਕੰਮ ਨੂੰ ਜੋ ਪਰਮੇਸ਼ੁਰ ਆਦ ਤੋਂ ਲੈ ਕੇ ਅੰਤ ਤੋੜੀ ਕਰਦਾ ਹੈ ਬੁੱਝ ਨਹੀਂ ਸੱਕਦਾ। ਸਫ਼ਾ 10

ਉਪਰੰਤ ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ ਨਾ ਕਰੇ ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੇ ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ ਨਾ ਸੌਂਪੋ ਸਗੋਂ ਆਪਣੇ ਆਪ ਨੂੰ ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ ਪਰਮੇਸ਼ੁਰ ਨੂੰ ਸੌਂਪ ਦਿਓ ਅਤੇ ਆਪਣੇ ਅੰਗ ਧਰਮ ਦੇ ਹਥਿਆਰ ਬਣਾ ਕੇ ਪਰਮੇਸ਼ੁਰ ਨੂੰ ਸੌਂਪ ਦਿਓ। ਸਫ਼ਾ 25

ਅਫ਼ਸੀਆਂ 1:11 ਹਾਂ, ਉਸੇ ਵਿੱਚ ਅਸੀਂ ਵੀ ਉਹ ਦੀ ਧਾਰਨਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ। ਸਫ਼ਾ 18

ਅਫ਼ਸੀਆਂ 1:13-14 ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦੇ ਬਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ ਖਬਰੀ ਸੁਣੀ ਅਤੇ ਉਸ ਵਿੱਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ ਇਹ ਪਰਮੇਸ਼ੁਰ ਦੇ ਨਿੱਜ ਦਿਆਂ ਲੋਕਾਂ ਦੇ ਨਿਸਤਾਰੇ ਦੇ ਲਈ ਸਾਡੇ ਅਧਕਾਰ ਦੀ ਸਾਈ ਹੈ ਕਿ ਉਹ ਦੀ ਮਹਿਮਾ ਦੀ ਉਸਤਤ ਹੋਵੇ। ਸਫ਼ਾ 17 & 19

ਅਫ਼ਸੀਆਂ 1:5-8 ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਪਾਲਕ ਪੁੱਤ੍ਰ ਹੋਣ ਨੂੰ ਅੱਗੋ ਹੀ ਠਹਿਰਾਇਆ 6ਭਈ ਉਹ ਦੀ ਕਿਰਪਾ ਦੀ ਮਹਿਮਾ ਦੀ ਉਸਤਤ ਹੋਵੇ ਜਿਹੜੀ ਉਹ ਨੇ ਉਸ ਪਿਆਰੇ ਵਿੱਚ ਸਾਨੂੰ ਬਖ਼ਸ਼ ਦਿੱਤੀ 7ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ। ਸਫ਼ਾ 15 & 16

ਅਫ਼ਸੀਆਂ 1:7 ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ। ਸਫ਼ਾ 4

ਅਫ਼ਸੀਆਂ 2:13 ਪਰ ਹੁਣ ਮਸੀਹ ਯਿਸੂ ਵਿੱਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ। ਸਫ਼ਾ 13

ਅਫ਼ਸੀਆਂ 2:14 ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇੱਕ ਕੀਤਾ ਅਤੇ ਆਪਣੇ ਸਰੀਰ ਵਿੱਚ ਵੈਰ ਵਿਰੋਧ ਵਾਲੀ ਜੁਦਾਈ ਦੀ ਕੰਧ ਨੂੰ ਢਾਹ ਦਿੱਤਾ। ਸਫ਼ਾ 9

ਅਫ਼ਸੀਆਂ 2:6 ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ। ਸਫ਼ਾ 19

ਅਫ਼ਸੀਆਂ 2:8-10 ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ। ਸਫ਼ਾ 8 & 15 & 16

ਅਫ਼ਸੀਆਂ 3:14-15 ਇਸ ਕਾਰਨ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ। ਸਫ਼ਾ 17

ਅਫ਼ਸੀਆਂ 4:21-22 ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿੱਚ ਹੈ ਤਿਵੇਂ ਉਸ ਵਿੱਚ ਤੁਸੀਂ ਸਿਖਾਏ ਗਏ ਹੋ ਭਈ ਤੁਸੀਂ ਅਗਲੇ ਚਲਣ ਦੀ ਉਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ ਜੋ ਧੋਖਾ ਦੇਣ ਵਾਲੀਆਂ ਕਾਮਨਾਂ ਦੇ ਅਨੁਸਾਰ ਵਿਗੜਦੀ ਜਾਂਦੀ ਹੈ। ਸਫ਼ਾ 25

ਇਬਰਾਨੀਆਂ 1:3 ਉਹ ਉਸ ਦੇ ਤੇਜ ਦਾ ਪਿਰਤ ਬਿੰਬ ਅਤੇ ਉਸ ਦੀ ਜ਼ਾਤ ਦਾ ਨਕਸ਼ ਹੋ ਕੇ ਆਪਣੇ ਸਮਰੱਥਾ ਦੇ ਬਚਨ ਨਾਲ ਸਭਨਾਂ ਵਸਤਾਂ ਨੂੰ ਸਮ੍ਹਾਲ ਕੇ ਅਰ ਪਾਪਾਂ ਨੂੰ ਸਾਫ਼ ਕਰ ਕੇ ਪਰਮ ਧਾਮ ਵਿੱਚ ਸ੍ਰੀ ਵਾਹਗੁਰੂ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। ਸਫ਼ਾ 1 & 2 & 5

ਇਬਰਾਨੀਆਂ 2:11-17 ਕਿਉਂਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਓਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇੱਕ ਤੋਂ ਹੀ ਹਨ। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ ਪਰ ਏਹ ਕਹਿੰਦਾ, ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ, ਮੈਂ ਕਲੀਸਿਯਾ ਵਿੱਚ ਤੇਰੀ ਉਸਤਤ ਕਰਾਂਗਾ ਅਤੇ ਫੇਰ ਏਹ, ਮੈਂ ਉਸ ਉੱਤੇ ਭਰੋਸਾ ਰੱਖਾਂਗਾ। ਅਤੇ ਫੇਰ, ਮੈਂ ਅਤੇ ਓਹ ਬੱਚੇ ਜਿਹੜੇ ਪਰਮੇਸ਼ੁਰ ਨੇ ਮੈਨੂੰ ਬਖਸ਼ੇ। ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ ਛੁਡਾਵੇ ਕਿਉਂ ਜੋ ਉਹ ਦੂਤਾਂ ਦੀ ਤਾਂ ਸਹਾਇਤਾ ਨਹੀਂ ਸਗੋਂ ਅਬਰਾਹਾਮ ਦੀ ਅੰਸ ਦੀ ਸਹਾਇਤਾ ਕਰਦਾ ਹੈ ਇਸ ਕਾਰਨ ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਨਾਲ ਸਰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ ਪਰਾਸਚਿਤ ਕਰਨ ਨੂੰ ਦਿਆਲੂ ਅਤੇ ਮਾਤਬਰ ਪਰਧਾਨ ਜਾਜਕ ਹੋਵੇ। ਸਫ਼ਾ 1 & 2 & 20

ਇਬਰਾਨੀਆਂ 2:14-15 ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ ਕਰੇ ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿੱਚ ਫਸੇ ਹੋਏ ਸਨ ਛੁਡਾਵੇ। ਸਫ਼ਾ 4

ਇਬਰਾਨੀਆਂ 4:12 ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਅਤੇ ਜੀਵ

ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ। ਸਫ਼ਾ 24 & 26

ਇਬਰਾਨੀਆਂ 4:3 ਕਿਉਂ ਜੋ ਅਸੀਂ ਜਿਨ੍ਹਾਂ ਨਿਹਚਾ ਕੀਤੀ ਹੈ ਓਸ ਅਰਾਮ ਵਿੱਚ ਵੜਦੇ ਹਾਂ ਜਿੱਕੁਰ ਉਹ ਨੇ ਆਖਿਆ – ਜਿਵੇਂ ਮੈਂ ਆਪਣੇ ਗੁੱਸੇ ਵਿੱਚ ਸੌਂਹ ਖਾਧੀ, ਕਿ ਓਹ ਮੇਰੇ ਅਰਾਮ ਵਿੱਚ ਕਦੇ ਨਾ ਵੜਨਗੇ!। ਭਾਵੇਂ ਉਹ ਦੀਆਂ ਕਾਰਾਗਰੀਆਂ ਜਗਤ ਦੇ ਮੁੱਢੋਂ ਹੀ ਬਣ ਚੁੱਕੀਆਂ ਸਨ। ਸਫ਼ਾ 13

ਇਬਰਾਨੀਆਂ 4:7 ਤਾਂ ਉਹ ਫੇਰ ਐਨੇ ਚਿਰ ਮਗਰੋਂ ਦਾਊਦ ਦੀ ਜ਼ਬਾਨੀ ਕਿਸੇ ਇੱਕ ਦਿਨ ਦੀ ਗੱਲ ਕਰਦਾ ਹੋਇਆ ਉਸ ਨੂੰ «ਅੱਜ ਦਾ ਦਿਨ» ਕਹਿੰਦਾ ਹੈ ਜਿਵੇਂ ਅੱਗੇ ਕਿਹਾ ਗਿਆ ਸੀ, - ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ। ਸਫ਼ਾ 13

ਇਬਰਾਨੀਆਂ 9:22 ਅਤੇ ਸ਼ਰਾ ਦੇ ਅਨੁਸਾਰ ਲਗ ਭਗ ਸਾਰੀਆਂ ਵਸਤਾਂ ਲਹੂ ਨਾਲ ਸ਼ੁੱਧ ਕੀਤੀਆਂ ਜਾਂਦੀਆਂ ਹਨ ਅਤੇ ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ। ਸਫ਼ਾ 4

ਹਿਜ਼ਕੀਏਲ 36:26-27 ਅਤੇ ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ ਅਤੇ ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਆਂਵਾਂ ਦੀ ਪਾਲਨਾ ਕਰੋਗੇ ਅਤੇ ਉਨ੍ਹਾਂ ਤੇ ਅਮਲ ਕਰੋਗੇ। ਸਫ਼ਾ 8

ਕਹਾਉਤਾਂ 14:12 ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ,

ਕੁਲੁੱਸੀਆਂ 1:15 ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ। ਸਫ਼ਾ 1 & 2

ਕੁਲੁੱਸੀਆਂ 1:27ਅ ਇਸ ਭੇਤ ਦੇ ਧਨ ਦਾ ਪਰਤਾਪ ਕੀ ਹੈ, ਸੋ ਏਹ ਮਸੀਹ ਤੁਹਾਡੇ ਵਿੱਚ ਪਰਤਾਪ ਦੀ ਆਸ ਹੈ। ਸਫ਼ਾ 25

ਕੁਲੁੱਸੀਆਂ 2:10 ਅਤੇ ਤੁਸੀਂ ਉਹ ਦੇ ਵਿੱਚ ਸੰਪੂਰਨ ਹੋ ਗਏ ਹੋ ਜਿਹੜਾ ਸਾਰੀ ਹਕੂਮਤ ਅਤੇ ਇਖ਼ਤਿਆਰ ਦਾ ਸਿਰ ਹੈ। ਸਫ਼ਾ 18

ਕੁਲੁੱਸੀਆਂ 2:12-14 ਤੁਸੀਂ ਬਪਤਿਸਮਾ ਵਿੱਚ ਉਹ ਦੇ ਨਾਲ ਦੱਬੇ ਗਏ ਜਿਹ ਦੇ ਵਿੱਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ ਅਤੇ ਉਸ ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ ਮੇਸ ਦਿੱਤਾ ਅਤੇ ਉਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ। ਸਫ਼ਾ 19

ਕੁਲੁੱਸੀਆਂ 2:6-7 ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੁ ਨੂੰ ਕਬੂਲ ਕੀਤਾ ਤਿਵੇਂ ਤੁਸੀਂ ਉਹ ਦੇ ਵਿੱਚ ਚੱਲਦੇ ਜਾਓ ਅਤੇ ਜੜ੍ਹ ਫੜ ਕੇ ਅਤੇ ਉਹ ਦੇ ਉੱਤੇ ਉਸਰ ਕੇ ਅਤੇ ਆਪਣੀ ਨਿਹਚਾ ਵਿੱਚ ਦ੍ਰਿੜ੍ਹ ਹੋ ਕੇ ਜਿਵੇਂ ਤੁਹਾਨੂੰ ਉਪਦੇਸ਼ ਹੋਇਆ ਸੀ ਧੰਨਵਾਦ ਬਾਹਲਾ ਕਰਦੇ ਜਾਓ। ਸਫ਼ਾ 15 & 16

ਕੁਲੁੱਸੀਆਂ 2:9 ਕਿਉਂ ਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਉਸੇ ਵਿੱਚ ਦੇਹਧਾਰੀ ਹੋ ਕੇ ਵੱਸਦੀ। ਸਫ਼ਾ 1 & 2

ਕੁਲੁੱਸੀਆਂ 3:1-3 ਸੋ ਜੇ ਤੁਸੀਂ ਮਸੀਹ ਦੇ ਨਾਲ ਜਿਵਾਏ ਗਏ ਤਾਂ ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ ਰਹੋ ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ 2ਉਤਾਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ, ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ 3ਕਿਉਂ ਜੋ ਤੁਸੀਂ ਮੋਏ ਅਤੇ ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ੁਰ ਵਿੱਚ ਗੁਪਤ ਹੋਇਆ ਹੈ। ਸਫ਼ਾ 19

ਕੁਲੁੱਸੀਆਂ 4:5-6 ਤੁਸੀਂ ਸਮੇਂ ਨੂੰ ਲਾਹਾ ਜਾਣ ਕੇ ਬਾਹਰਲਿਆਂ ਦੇ ਅੱਗੇ ਹੋਸ਼ ਨਾਲ ਚੱਲੋ 6ਤੁਹਾਡੀ ਗੱਲ ਬਾਤ ਸਦਾ ਕਿਰਪਾਮਈ ਅਤੇ ਸਲੂਣੀ ਹੋਵੇ ਤਾਂ ਜੋ ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ। ਸਫ਼ਾ 36

ਕੋਈ ਆਪਣੇ ਆਪ ਨੂੰ ਧੋਖਾ ਨਾ ਦੇਵੇ। ਜੇ ਕੋਈ ਤੁਹਾਡੇ ਵਿੱਚ ਆਪਣੇ ਆਪ ਨੂੰ ਇਸ ਜੁੱਗ ਵਿਖੇ ਗਿਆਨੀ ਸਮਝਦਾ ਹੈ ਤਾਂ ਉਹ ਮੂਰਖ ਬਣੇ ਬਈ ਗਿਆਨੀ ਹੋ ਜਾਵੇ। ਸਫ਼ਾ 24 & 25

ਗਲਾਤੀਆਂ 1:15-16 ਪਰ ਜਦੋਂ ਉਹ ਦੀ ਜਿਨ ਮੈਨੂੰ ਮੇਰੀ ਮਾਤਾ ਦੀ ਕੁੱਖੋਂ ਹੀ ਵੱਖਰਾ ਕੀਤਾ ਅਤੇ ਆਪਣੀ ਕਿਰਪਾ ਨਾਲ ਸੱਦਿਆ ਇਹ ਭਾਉਣੀ ਹੋਈ ਜੋ ਆਪਣੇ ਪੁੱਤ੍ਰ ਨੂੰ ਮੇਰੇ ਵਿੱਚ ਪਰਕਾਸ਼ ਕਰੇ ਭਈ ਮੈਂ ਉਹ ਦੀ ਖੁਸ਼ ਖਬਰੀ ਪਰਾਈਆਂ ਕੌਮਾਂ ਵਿੱਚ ਸੁਣਾਵਾਂ ਤਦੋਂ ਹੀ ਮੈਂ ਮਾਸ ਅਤੇ ਲਹੂ ਤੋਂ ਸਲਾਹ ਨਾ ਪੁੱਛੀ। ਸਫ਼ਾ 8

ਗਲਾਤੀਆਂ 2:20 ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ। ਸਫ਼ਾ 18

ਗਲਾਤੀਆਂ 4:4-7 ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਨੂੰ ਘੱਲਿਆ ਜਿਹੜਾ ਤੀਵੀਂ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ ਇਸ ਲਈ ਜੋ ਮੁੱਲ ਦੇ ਕੇ ਓਹਨਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ ਭਈ ਲੇਪਾਲਕ ਪੁੱਤ੍ਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ ਅਤੇ ਤੁਸੀਂ ਜੋ ਪੁੱਤ੍ਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤ੍ਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ" ਅਰਥਾਤ "ਹੇ ਪਿਤਾ" ਪੁਕਾਰਦਾ ਹੈ ਸੋ ਤੂੰ ਅਗਾਹਾਂ ਨੂੰ ਗੁਲਾਮ ਨਹੀਂ ਸਗੋਂ ਪੁੱਤ੍ਰ ਹੈਂ ਅਤੇ ਜੇ ਪੁੱਤ੍ਰ ਹੈਂ ਤਾਂ ਪਰਮੇਸ਼ੁਰ ਦੇ ਰਾਹੀਂ ਅਧਕਾਰੀ ਵੀ ਹੈਂ। ਸਫ਼ਾ 18

ਗਲਾਤੀਆਂ 5:16 ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। ਸਫ਼ਾ 23

ਗਲਾਤੀਆਂ 5:24 ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾਂ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ

ਚਾੜ੍ਹ ਦਿੱਤਾ। ਸਫ਼ਾ 17 & 18

ਜ਼ਬੂਰ 16:11 ਤੂੰ ਮੈਨੂੰ ਜੀਉਣ ਦਾ ਮਾਰਗ ਵਿਖਾਵੇਂਗਾ, ਤੇਰੇ ਹਜ਼ੂਰ ਅਨੰਦ ਦੀ ਭਰਪੂਰੀ ਹੈ, ਤੇਰੇ ਸੱਜੇ ਹੱਥ ਸਦਾ ਖੁਸ਼ੀਆਂ ਹੁੰਦੀਆਂ ਹਨ। ਸਫ਼ਾ 20

ਜ਼ਬੂਰ 40:3 ਉਸ ਨੇ ਇੱਕ ਨਵਾਂ ਗੀਤ ਮੇਰੇ ਮੂੰਹ ਵਿੱਚ ਪਾਇਆ, ਅਰਥਾਤ ਸਾਡੇ ਪਰਮੇਸ਼ੁਰ ਦੀ ਉਸਤਤ ਦਾ। ਬਹੁਤੇ ਵੇਖਣਗੇ ਅਤੇ ਡਰ ਜਾਣਗੇ, ਅਤੇ ਯਹੋਵਾਹ ਉੱਤੇ ਭਰੋਸਾ ਰੱਖਣਗੇ। ਸਫ਼ਾ 36

ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ। ਸਫ਼ਾ 11

ਪਰਕਾਸ਼ 12:11 ਅਤੇ ਓਹਨਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਸਾਖੀ ਦੇ ਬਚਨ ਦੇ ਕਾਰਨ ਉਹ ਨੂੰ ਜਿੱਤ ਲਿਆ ਸਫ਼ਾ 36

ਪਰਕਾਸ਼ 19:10 ਤੇ ਉਹ ਨੂੰ ਮੱਥਾ ਟੇਕਣ ਲਈ ਮੈਂ ਡਿੱਗ ਕੇ ਉਹ ਦੇ ਚਰਨੀ ਪਿਆ। ਤਾਂ ਓਸ ਮੈਨੂੰ ਆਖਿਆ ਭਈ ਇਉਂ ਨਾ ਕਰ! ਮੈਂ ਤਾਂ ਤੇਰੇ ਅਤੇ ਤੇਰੇ ਭਰਾਵਾਂ ਦੇ ਜਿਹੜੇ ਯਿਸੂ ਦਾ ਸਾਖੀ ਭਰਦੇ ਹਨ ਨਾਲ ਦਾ ਦਾਸ ਹਾਂ। ਪਰਮੇਸ਼ੁਰ ਨੂੰ ਮੱਥਾ ਟੇਕ! ਯਿਸੂ ਦੀ ਗਵਾਹੀ ਤਾਂ ਅਗੰਮ ਵਾਕ ਦੀ ਰੂਹ ਹੈ। ਸਫ਼ਾ 36

ਪਰਕਾਸ਼ 21:2 ਅਤੇ ਮੈਂ ਪਵਿੱਤਰ ਨਗਰੀ ਨਵੀਂ ਯਰੂਸ਼ਲਮ ਨੂੰ ਇਉਂ ਤਿਆਰ ਕੀਤੀ ਹੋਈ ਮਾਨੋ ਲਾੜੀ ਆਪਣੇ ਲਾੜੇ ਲਈ ਸਿੰਗਾਰੀ ਹੋਈ ਹੈ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉਤਰਦੀ ਨੂੰ ਵੇਖਿਆ। ਸਫ਼ਾ 20

ਪਰਕਾਸ਼ 3:20 ਵੇਖ, ਮੈਂ ਬੂਹੇ ਉੱਤੇ ਖਲੋਤਾ ਅਤੇ ਖੜਕਾਉਂਦਾ ਹਾਂ। ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ ਉਹ ਦੇ ਕੋਲ ਅੰਦਰ ਜਾਵਾਂਗਾ ਅਤੇ ਉਹ ਦੇ ਨਾਲ ਪਰਸ਼ਾਦ ਛਕਾਂਗਾ ਅਤੇ ਉਹ ਮੇਰੇ ਨਾਲ ਛਕੇਗਾ। ਸਫ਼ਾ 9

ਫ਼ਿਲਿੱਪੀਆਂ 2:5-8 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ। ਸਫ਼ਾ 1 & 2 & 22 & 25

ਫ਼ਿਲਿੱਪੀਆਂ 3:20 ਕਿਉਂ ਜੋ ਅਸੀਂ ਸੁਰਗ ਦੀ ਪਰਜਾ ਹਾਂ ਜਿੱਥੇ ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੁ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ। ਸਫ਼ਾ 20 & 22 & 23

ਫ਼ਿਲਿੱਪੀਆਂ 4:6-7 ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ 7ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ। ਸਫ਼ਾ 26

ਮੱਤੀ 10:32 ਉਪਰੰਤ ਜੋ ਕੋਈ ਮਨੁੱਖਾਂ ਦੇ ਅੱਗੇ ਮੇਰਾ ਇਕਰਾਰ ਕਰੇਗਾ ਮੈਂ ਵੀ ਆਪਣੇ ਪਿਤਾ ਦੇ ਅੱਗੇ ਜਿਹੜਾ ਸੁਰਗ ਵਿੱਚ ਹੈ ਉਹ ਦਾ ਇਕਰਾਰ ਕਰਾਂਗਾ। ਸਫ਼ਾ 40

ਮੱਤੀ 26:28-29 ਕਿਉਂ ਜੋ ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਦੇ ਲਈ ਵਹਾਇਆ ਜਾਂਦਾ ਹੈ ਅਤੇ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੋਂ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹ ਨਵਾਂ ਨਾ ਪੀਵਾਂ। ਸਫ਼ਾ 4

ਮੱਤੀ 27:57-61 ਜਾਂ ਸੰਝ ਹੋਈ ਤਾਂ ਯੂਸੁਫ਼ ਨਾਮੇ ਅਰਿਮਥੈਆ ਦਾ ਇੱਕ ਧਨੀ ਮਨੁੱਖ ਆਇਆ ਜਿਹੜਾ ਆਪ ਵੀ ਯਿਸੂ ਦਾ ਚੇਲਾ ਸੀ ਉਹ ਨੇ ਪਿਲਾਤੁਸ ਕੋਲ ਜਾ ਕੇ ਯਿਸੂ ਦੀ ਲੋਥ ਮੰਗੀ। ਤਦ ਪਿਲਾਤੁਸ ਨੇ ਲੋਥ ਦੇਣ ਦਾ ਹੁਕਮ ਕੀਤਾ ਅਤੇ ਯੂਸੁਫ਼ ਨੇ ਲੋਥ ਨੂੰ ਲੈ ਕੇ ਸਾਫ਼ ਮਹੀਨ ਕੱਪੜੇ ਵਿੱਚ ਵਲੇਟਿਆ ਅਰ ਆਪਣੀ ਨਵੀਂ ਕਬਰ ਦੇ ਅੰਦਰ ਰੱਖਿਆ ਜਿਹੜੀ ਉਸ ਨੇ ਪੱਥਰ ਵਿੱਚ ਖੁਦਵਾਈ ਸੀ ਅਤੇ ਭਾਰਾ ਪੱਥਰ ਕਬਰ ਦੇ ਮੂੰਹ ਉੱਤੇ ਰੇੜ੍ਹ ਕੇ ਚੱਲਿਆ ਗਿਆ ਅਤੇ ਮਰਿਯਮ ਮਗਦਲੀਨੀ ਅਰ ਦੂਜੀ ਮਰਿਯਮ ਉੱਥੇ ਕਬਰ ਦੇ ਸਾਹਮਣੇ ਬੈਠੀਆਂ ਸਨ। ਸਫ਼ਾ 4

ਮੱਤੀ 3:13-17 ਤਦ ਯਿਸੂ ਗਲੀਲ ਤੋਂ ਯਰਦਨ ਦੇ ਕੰਢੇ ਯੂਹੰਨਾ ਕੋਲ ਉਸ ਦੇ ਹੱਥੋਂ ਬਪਤਿਸਮਾ ਲੈਣ ਨੂੰ ਆਇਆ ਪਰ ਯੂਹੰਨਾ ਨੇ ਇਹ ਕਹਿ ਕੇ ਉਸ ਨੂੰ ਰੋਕਿਆ ਭਈ ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਅਤੇ ਤੂੰ ਮੇਰੇ ਕੋਲ ਆਇਆ ਹੈਂ? ਪਰ ਯਿਸੂ ਨੇ ਉਸ ਨੂੰ ਉੱਤਰ ਦਿੱਤਾ, ਹੁਣ ਹੋਣ ਦਿਹ ਕਿਉਂਕਿ ਸਾਨੂੰ ਜੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ। ਤਾਂ ਉਸ ਨੇ ਹੋਣ ਦਿੱਤਾ ਅਤੇ ਜਾਂ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ, ਅਕਾਸ਼ ਉਹ ਦੇ ਲਈ ਖੁੱਲ੍ਹ ਗਿਆ ਅਤੇ ਉਹ ਨੇ ਪਰਮੇਸ਼ੁਰ ਦਾ ਆਤਮਾ ਕਬੂਤਰ ਵਾਂਙੁ ਉਤਰਦਾ ਅਤੇ ਆਪਣੇ ਉੱਤੇ ਆਉਂਦਾ ਡਿੱਠਾ ਅਰ ਵੇਖੋ ਇੱਕ ਸੁਰਗੀ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ। ਸਫ਼ਾ 3 & 26

ਮੱਤੀ 4:19-20 ਅਤੇ ਉਨ੍ਹਾਂ ਨੂੰ ਕਿਹਾ, ਮੇਰੇ ਮਗਰ ਆਓ ਤਾਂ ਮੈਂ ਤੁਹਾਨੂੰ ਮਨੁੱਖਾਂ ਦੇ ਸ਼ਿਕਾਰੀ ਬਣਾਵਾਂਗਾ ਅਤੇ ਓਹ ਝੱਟ ਜਾਲਾਂ ਨੂੰ ਛੱਡ ਕੇ ਉਹ ਤੇ ਮਗਰ ਹੋ ਤੁਰੇ। ਸਫ਼ਾ 40

ਮੱਤੀ 7:13-14 ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ। ਸਫ਼ਾ 23

ਮੱਤੀ 7:28-29 ਅਤੇ ਐਉਂ ਹੋਇਆ ਕਿ ਜਾਂ ਯਿਸੂ ਏਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ। ਸਫ਼ਾ 3

ਮੱਤੀ 7:7-8 ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ। ਢੂੰਢੋ ਤਾਂ ਤੁਹਾਨੂੰ ਲੱਭੇਗਾ। ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ। ਸਫ਼ਾ 26

ਮਰਕੁਸ 6:2-3 ਜਾਂ ਸਬਤ ਦਾ ਦਿਨ ਹੋਇਆ ਤਾਂ ਉਹ ਸਮਾਜ ਵਿੱਚ ਉਪਦੇਸ਼ ਦੇਣ ਲੱਗਾ ਅਰ ਬਹੁਤੇ ਸੁਣ ਕੇ ਹੈਰਾਨ ਹੋ ਗਏ ਅਤੇ ਬੋਲੇ ਕਿ ਇਹ ਗੱਲਾਂ ਇਸ ਨੂੰ ਕਿੱਥੋਂ ਆਈਆਂ? ਅਤੇ ਇਹ ਕਿਹੋ ਜਿਹਾ ਗਿਆਨ ਹੈ ਜੋ ਇਸ ਨੂੰ ਦਿੱਤਾ ਗਿਆ? ਅਰ ਏਹੋ ਜਹੀਆਂ ਕਰਾਮਾਤਾਂ ਜੋ ਉਹ ਦੇ ਹੱਥੋਂ ਹੁੰਦੀਆਂ ਹਨ ਕੀ ਹਨ? ਭਲਾ, ਇਹ ਤਰਖਾਣ ਨਹੀਂ ਹੈ, ਮਰਿਯਮ ਦਾ ਪੁੱਤ੍ਰ ਅਤੇ ਯਾਕੂਬ ਅਰ ਯੋਸੇਸ ਅਰ ਯਹੂਦਾਹ ਅਰ ਸ਼ਮਊਨ ਦਾ ਭਰਾ ਅਤੇ ਉਹ ਦੀਆਂ ਭੈਣਾਂ ਐਥੇ ਸਾਡੇ ਕੋਲ ਨਹੀਂ ਹਨ? ਸੋ ਉਨ੍ਹਾਂ ਉਸ ਤੋਂ ਠੋਕਰ ਖਾਧੀ। ਸਫ਼ਾ 5

ਯਹੋਸ਼ੁਆ 1:8 ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ। ਸਫ਼ਾ 26

ਯਾਕੂਬ 5:16 ਇਸ ਲਈ ਤੁਸੀਂ ਆਪੋ ਵਿੱਚੀ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ। ਸਫ਼ਾ 26

ਯੂਹੰਨਾ 1:14 ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ। ਸਫ਼ਾ 1 & 2

ਯੂਹੰਨਾ 10:10 ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ । ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ। ਸਫ਼ਾ 9

ਯੂਹੰਨਾ 10:30 ਮੈਂ ਅਰ ਮੇਰਾ ਪਿਤਾ ਇੱਕੋ ਹਾਂ। ਸਫ਼ਾ 1 & 2

ਯੂਹੰਨਾ 11:25-26 ਯਿਸੂ ਨੇ ਉਹ ਨੂੰ ਕਿਹਾ ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਵੇ ਤਾਂ ਵੀ ਜੀਵੇਗਾ ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ।। ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ? ਸਫ਼ਾ 15 & 16 & 19

ਯੂਹੰਨਾ 12:17 ਤਦ ਉਨ੍ਹਾਂ ਲੋਕਾਂ ਨੇ ਜਿਹੜੇ ਉਸ ਵੇਲੇ ਉਹ ਦੇ ਨਾਲ ਸਨ ਜਦ ਉਹ ਨੇ ਲਾਜ਼ਰ ਨੂੰ ਕਬਰੋਂ ਬਾਹਰ ਸੱਦਿਆ ਸੀ ਅਤੇ ਮੁਰਦਿਆਂ ਵਿੱਚੋਂ ਜਿਵਾਲਿਆ ਸੀ ਸਾਖੀ ਦਿੱਤੀ। ਸਫ਼ਾ 36

ਯੂਹੰਨਾ 14:13-14 ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ। ਸਫ਼ਾ 26

ਯੂਹੰਨਾ 14:20 ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ। ਸਫ਼ਾ 18 & 19

ਯੂਹੰਨਾ 14:6-7 ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋਂ ਅੱਗੇ ਤੁਸੀਂ ਉਹ ਨੂੰ ਜਾਣਦੇ ਅਤੇ ਉਹ ਨੂੰ ਵੇਖ ਲਿਆ ਹੈ। ਸਫ਼ਾ 13 & 15 & 16

ਯੂਹੰਨਾ 15:16 ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ। ਸਫ਼ਾ 40

ਯੂਹੰਨਾ 15:7 ਜੇ ਤੁਸੀਂ ਮੇਰੇ ਵਿੱਚ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ। ਸਫ਼ਾ 26

ਯੂਹੰਨਾ 16:28 ਮੈਂ ਪਿਤਾ ਵਿੱਚੋਂ ਨਿੱਕਲ ਕੇ ਜਗਤ ਵਿੱਚ ਆਇਆ ਹਾਂ। ਫੇਰ ਜਗਤ ਨੂੰ ਛੱਡਦਾ ਅਤੇ ਪਿਤਾ ਦੇ ਕੋਲ ਜਾਂਦਾ ਹਾਂ। ਸਫ਼ਾ 5

ਯੂਹੰਨਾ 16:33 ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿੱਚ ਸ਼ਾਂਤੀ ਹੋਵੇ। ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਸਲਾਂ ਰੱਖੋਂ, ਮੈਂ ਜਗਤ ਨੂੰ ਜਿੱਤ ਲਿਆ ਹੈ। ਸਫ਼ਾ 10

ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। ਸਫ਼ਾ 12

ਯੂਹੰਨਾ 3:6 ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ। ਸਫ਼ਾ 19 & 24

ਯੂਹੰਨਾ 9:25 ਤਾਂ ਉਸ ਉੱਤਰ ਦਿੱਤਾ ਭਈ ਉਹ ਪਾਪੀ ਹੈ ਕਿ ਨਹੀਂ ਸੋ ਮੈਂ ਨਹੀਂ ਜਾਣਦਾ। ਇੱਕ ਗੱਲ ਮੈਂ ਜਾਣਦਾ ਹਾਂ ਕਿ ਮੈਂ ਜੋ ਅੰਨ੍ਹਾ ਸੀ ਹੁਣ ਵੇਖਦਾ ਹਾਂ। ਸਫ਼ਾ 36

ਰਸੂਲਾਂ 1:8 ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ। ਸਫ਼ਾ 40

ਰਸੂਲਾਂ 4:12 ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ। ਸਫ਼ਾ 8

ਰਸੂਲਾਂ 9:28 ਤਦ ਉਹ ਉਨ੍ਹਾਂ ਦੇ ਨਾਲ ਯਰੂਸ਼ਲਮ ਵਿੱਚ ਆਉਂਦਾ ਜਾਂਦਾ ਰਿਹਾ। ਸਫ਼ਾ 40

ਰੋਮੀਆਂ 10:13 ਕਿਉਂ ਜੋ ਹਰੇਕ ਜਿਹੜਾ ਪ੍ਰਭੁ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ। ਸਫ਼ਾ 15 & 16

ਰੋਮੀਆਂ 10:9 ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੁ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ। ਸਫ਼ਾ 15 & 16

ਰੋਮੀਆਂ 12:1 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ ਬਲੀਦਾਨ ਕਰਕੇ ਚੜ੍ਹਾਵੋ, ਇਹ ਤੁਹਾਡੀ ਰੂਹਾਨੀ ਬੰਦਗੀ ਹੈ। ਸਫ਼ਾ 25

ਰੋਮੀਆਂ 12:4-5 ਜਿਵੇਂ ਇੱਕ ਸਰੀਰ ਵਿੱਚ ਢੇਰ ਸਾਰੇ ਅੰਗ ਹਨ ਪਰ ਸਾਰਿਆਂ ਅੰਗਾਂ ਦਾ ਇੱਕੋ ਹੀ ਕੰਮ ਨਹੀਂ ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿੱਚ ਮਿਲ ਕੇ ਇੱਕ ਸਰੀਰ ਹਾਂ ਅਰ ਇੱਕ ਇੱਕ ਕਰਕੇ ਇੱਕ ਦੂਏ ਦੇ ਅੰਗ ਹਾਂ। ਸਫ਼ਾ 25

ਰੋਮੀਆਂ 3:23 ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ। ਸਫ਼ਾ 7 & 11

ਰੋਮੀਆਂ 5:11 ਅਤੇ ਨਿਰਾ ਇਹੋ ਨਹੀਂ ਸਗੋਂ ਅਸੀਂ ਪਰਮੇਸ਼ੁਰ ਉੱਤੇ ਭੀ ਆਪਣੇ ਪ੍ਰਭੁ ਯਿਸੂ ਮਸੀਹ ਦੇ ਵਸੀਲੇ ਨਾਲ ਜਿਸ ਕਰਕੇ ਅਸੀਂ ਹੁਣ ਮਿਲਾਏ ਗਏ ਅਭਮਾਨ ਕਰਦੇ ਹਾਂ। ਸਫ਼ਾ 20

ਰੋਮੀਆਂ 5:12 ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ। ਸਫ਼ਾ 7

ਰੋਮੀਆਂ 5:1-2 ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ ਵਿੱਚ ਅੱਪੜੇ ਜਿਹ ਦੇ ਉੱਤੇ ਖਲੋਤੇ ਹਾਂ, ਅਤੇ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ ਕਰੀਏ। ਸਫ਼ਾ 10 & 12

ਰੋਮੀਆਂ 5:18-19 ਪਰੰਤ ਜਿਵੇਂ ਇੱਕ ਅਪਰਾਧ ਦੇ ਕਾਰਨ ਸਭਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਤਿਵੇਂ ਹੀ ਧਰਮ ਦੇ ਇੱਕ ਕੰਮ ਦੇ ਕਾਰਨ ਸਭਨਾਂ ਮਨੁੱਖਾਂ ਲਈ ਮਾਫ਼ੀ ਅਤੇ ਜੀਵਨ ਮਿਲਿਆ ਕਿਉਂਕਿ ਜਿਵੇਂ ਉਸ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਨ ਬਹੁਤ ਲੋਕ ਪਾਪੀ ਠਹਿਰਾਏ ਗਏ ਤਿਵੇਂ ਹੀ ਇਸ ਇੱਕ ਦੀ ਆਗਿਆਕਾਰੀ ਦੇ ਕਾਰਨ ਹੀ ਬਹੁਤ ਧਰਮੀ ਠਹਿਰਾਏ ਜਾਣਗੇ। ਸਫ਼ਾ 7 & 17

ਰੋਮੀਆਂ 5:5 ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਗਿਆ ਹੋਇਆ ਹੈ। ਸਫ਼ਾ 19

ਰੋਮੀਆਂ 5:6 ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ। ਸਫ਼ਾ 4

ਰੋਮੀਆਂ 5:9 ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧ ਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ। ਸਫ਼ਾ 8

ਰੋਮੀਆਂ 6:11-13 ਇਸੇ ਤਰਾਂ ਤੁਸੀਂ ਭੀ ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ ਪਰ ਮਸੀਹ ਯਿਸੂ ਵਿੱਚ ਪਰਮੇਸ਼ੁਰ ਲਈ ਜੀਉਂਦੇ ਸਮਝੋ।।

ਰੋਮੀਆਂ 6:16 ਭਲਾ, ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਭਾਵੇਂ ਮੌਤ ਲਈ ਪਾਪ ਦੇ, ਭਾਵੇਂ ਧਰਮ ਲਈ ਆਗਿਆਕਾਰੀ ਦੇ। ਸਫ਼ਾ 9 & 23

ਰੋਮੀਆਂ 6:21 ਸੋ ਓਸ ਵੇਲੇ ਤੁਹਾਨੂੰ ਓਹਨਾਂ ਗੱਲਾਂ ਤੋਂ ਕੀ ਫਲ ਮਿਲਿਆ ਜਿਨ੍ਹਾਂ ਕਰਕੇ ਹੁਣ ਤੁਹਾਨੂੰ ਲੱਜਿਆ ਆਉਂਦੀ ਹੈ ਕਿਉਂ ਜੋ ਓਹਨਾਂ ਦਾ ਓੜਕ ਮੌਤ ਹੈ। ਸਫ਼ਾ 9

ਰੋਮੀਆਂ 6:23 ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੁ ਦੇ ਵਿੱਚ ਸਦੀਪਕ ਜੀਵਨ ਹੈ। ਸਫ਼ਾ 11

ਰੋਮੀਆਂ 6:4-6 ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿੱਚ ਉਹ ਦੇ ਨਾਲ ਜੋੜੇ ਗਏ ਤਾ ਉਹ ਦੇ ਜੀ ਉੱਠਣ ਦੀ ਸਮਾਨਤਾ ਵਿੱਚ ਹੋਵਾਂਗੇ ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ। ਸਫ਼ਾ 18 & 19

ਰੋਮੀਆਂ 7:14-25 ਅਸੀਂ ਜਾਣਦੇ ਤਾਂ ਹਾਂ ਜੋ ਸ਼ਰਾ ਆਤਮਕ ਹੈ ਪਰ ਮੈਂ ਸਰੀਰਕ ਅਤੇ ਪਾਪ ਦੇ ਹੱਥ ਵਿਕਿਆ ਹੋਇਆ ਹਾਂ ਮੈਂ ਨਹੀਂ ਜਾਣਦਾ ਕਿ ਕੀ ਕਰਾਂ ਕਿਉਂ ਜੋ ਮੈਂ ਉਹ ਨਹੀਂ ਕਰਦਾ ਜੋ ਚਾਹੁੰਦਾ ਹਾਂ ਸਗੋਂ ਉਹ ਕਰਦਾ ਹਾਂ ਜਿਸ ਤੋਂ ਮੈਨੂੰ ਘਿਣ ਆਉਂਦੀ ਹੈ ਪਰ ਜੇ ਮੈਂ ਉਹ ਕਰਦਾ ਹਾਂ ਜੋ ਨਹੀਂ ਚਾਹੁੰਦਾ ਤਾਂ ਮੈਂ ਸ਼ਰਾ ਨੂੰ ਮੰਨ ਲੈਂਦਾ ਹਾਂ ਭਈ ਉਹ ਚੰਗੀ ਹੈ ਸੋ ਹੁਣ ਮੈਂ ਤਾਂ ਉਹ ਦੇ ਕਰਨ ਵਾਲ ਨਹੀਂ ਸਗੋਂ ਪਾਪ ਹੈ ਜਿਹੜਾ ਮੇਰੇ ਵਿੱਚ ਵੱਸਦਾ ਹੈ ਮੈਂ ਜਾਣਦਾ ਤਾਂ ਹਾਂ ਭਈ ਮੇਰੇ ਅੰਦਰ ਅਰਥਾਤ ਮੇਰੇ ਸਰੀਰ ਦੇ ਅੰਦਰ ਕੋਈ ਭਲੀ ਗੱਲ ਹੈ ਨਹੀਂ। ਇਰਾਦਾ ਕਰਨਾ ਤਾਂ ਮੇਰੇ ਅੰਦਰ ਹੈ ਪਰ ਭਲਾ ਕਰਨਾ ਹੈ ਨਹੀਂ ਜਿਹੜੀ ਭਲਿਆਈ ਮੈਂ ਕਰਨਾ ਚਾਹੁੰਦਾ ਹਾਂ ਉਹ ਮੈਂ ਨਹੀਂ ਕਰਦਾ ਸਗੋਂ ਜਿਹੜੀ ਬੁਰਿਆਈ ਮੈਂ ਨਹੀਂ ਚਾਹੁੰਦਾ ਸੋਈ ਕਰਦਾ ਹਾਂ ਪਰ ਜੇ ਮੈਂ ਉਹ ਕੰਮ ਕਰਦਾ ਹਾਂ ਜਿਹੜਾ ਮੈਂ ਨਹੀਂ ਚਾਹੁੰਦਾ ਤਾਂ ਕਰਨ ਵਾਲਾ ਮੈਂ ਨਹੀਂ ਸਗੋਂ ਪਾਪ ਹੈ ਜੋ ਮੇਰੇ ਵਿੱਚ ਵੱਸਦਾ ਹੈ ਸੋ ਮੈਂ ਇਹ ਕਾਨੂਨ ਵੇਖਦਾ ਹਾਂ ਭਈ ਜਦ ਮੈਂ ਭਲਿਆਈ ਕਰਨਾ ਚਾਹੁੰਦਾ ਹਾਂ ਤਦੋਂ ਬੁਰਿਆਈ ਹਾਜ਼ਰ ਹੁੰਦੀ ਹੈ ਮੈਂ ਤਾਂ ਅੰਦਰਲੇ ਪੁਰਸ਼ ਅਨੁਸਾਰ ਪਰਮੇਸ਼ੁਰ ਦੇ ਕਾਨੂਨ

ਵਿੱਚ ਅਨੰਦ ਹੁੰਦਾ ਹਾਂ ਪਰ ਮੈਂ ਆਪਣੇ ਅੰਗਾਂ ਵਿੱਚ ਇੱਕ ਹੋਰ ਕਾਨੂੰਨ ਵੀ ਵੇਖਦਾ ਹਾਂ ਜੋ ਮੇਰੀ ਬੁੱਧ ਦੇ ਕਾਨੂਨ ਨਾਲ ਲੜਦਾ ਹੈ ਅਤੇ ਮੈਨੂੰ ਉਸ ਪਾਪ ਦੇ ਕਾਨੂਨ ਦੇ ਜੋ ਮੇਰਿਆਂ ਅੰਗਾਂ ਵਿੱਚ ਹੈ ਬੰਧਨ ਵਿੱਚ ਲੈ ਆਉਂਦਾ ਹੈ ਮੈਂ ਕਿੱਡਾ ਮੰਦਭਾਗੀ ਮਨੁੱਖ ਹਾਂ! ਕੌਣ ਮੈਨੂੰ ਇਸ ਮੌਤ ਦੇ ਸਰੀਰ ਤੋਂ ਛੁਡਾਵੇਗਾ? ਮਸੀਹ ਸਾਡੇ ਪ੍ਰਭੁ ਦੇ ਵਸੀਲੇ ਪਰਮੇਸ਼ੁਰ ਦਾ ਧੰਨਵਾਦ ਹੋਵੇ! ਸੋ ਮੈਂ ਆਪ ਬੁੱਧ ਨਾਲ ਪਰਮੇਸ਼ੁਰ ਦੇ ਕਾਨੂਨ ਦੀ ਗੁਲਾਮੀ ਕਰਦਾ ਪਰ ਸਰੀਰ ਨਾਲ ਪਾਪ ਦੇ ਕਾਨੂਨ ਦੀ। ਸਫ਼ਾ 23

ਰੋਮੀਆਂ 8:10 ਪਰ ਜੇ ਮਸੀਹ ਤੁਹਾਡੇ ਵਿੱਚ ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ। ਸਫ਼ਾ 19 & 24 & 25

ਰੋਮੀਆਂ 8:1-2 ਸੋ ਹੁਣ ਓਹਨਾਂ ਨਾਲ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ ਸਫ਼ਾ 17 & 23

ਰੋਮੀਆਂ 8:15-17 ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤ੍ਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ «ਅੱਬਾ», ਹੇ ਪਿਤਾ, ਪੁਕਾਰਦੇ ਹਾਂ ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ। ਸਫ਼ਾ 20 & 21

ਰੋਮੀਆਂ 8:3 ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ੁਰ ਨੇ ਆਪਣਾ ਪੁੱਤ੍ਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ। ਸਫ਼ਾ 1 & 2 & 4

ਰੋਮੀਆਂ 8:37 ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ। ਸਫ਼ਾ 9

ਰੋਮੀਆਂ 8:5-6 ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਕ ਹਨ ਓਹ ਆਤਮਾ ਦੀਆਂ ਵਸਤਾਂ ਉੱਤੇ ਮਨ ਲਾਉਂਦੇ ਹਨ ਕਿਉਂ ਜੋ ਸਰੀਰਕ ਮਨਸ਼ਾ ਮੌਤ ਹੈ ਪਰ ਆਤਮਕ ਮਨਸ਼ਾ ਜੀਵਨ ਅਤੇ ਸ਼ਾਂਤੀ ਹੈ। ਸਫ਼ਾ 17 & 23

ਲੂਕਾ 1:78-79 ਸਾਡੇ ਪਰਮੇਸ਼ੁਰ ਦੇ ਵੱਡੇ ਰਹਮ ਦੇ ਕਾਰਨ ਮਿਲੇਗੀ, ਜਦ ਸਵੇਰ ਦਾ ਚਾਨਣ ਉੱਪਰੋਂ ਸਾਡੇ ਉੱਤੇ ਚਮਕੇਗਾ, ਭਈ ਉਨ੍ਹਾਂ ਨੂੰ ਜੋ ਅਨ੍ਹੇਰੇ ਤੇ ਮੌਤ ਦੇ ਸਾਯੇ ਵਿੱਚ ਬੈਠੇ ਹੋਏ ਹਨ ਚਾਨਣ ਦੇਵੇ, ਅਤੇ ਸਾਡੇ ਪੈਰਾਂ ਨੂੰ ਸ਼ਾਂਤੀ ਦੇ ਰਾਹ ਪਾਵੇ। ਸਫ਼ਾ 10

ਲੂਕਾ 10:2 ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, ਫ਼ਸਲ ਤਾਂ ਬਹੁਤ ਹੈ ਪਰ ਵਾਢੇ ਥੋੜੇ ਹਨ ਇਸ ਲਈ ਤੁਸੀਂ ਫ਼ਸਲ ਦੇ ਮਾਲਕ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਫ਼ਸਲ ਵੱਢਣ ਨੂੰ ਵਾਢੇ ਘੱਲ ਦੇਵੇ। ਸਫ਼ਾ 40

ਲੂਕਾ 19:10 ਕਿਉਂ ਜੋ ਮਨੁੱਖ ਦਾ ਪੁੱਤ੍ਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। ਸਫ਼ਾ 40

ਲੂਕਾ 2:40 ਉਹ ਮੁੰਡਾ ਵੱਧਦਾ ਅਤੇ ਗਿਆਨ ਨਾਲ ਭਰਪੂਰ ਹੋਕੇ ਜ਼ੋਰ ਫੜਦਾ ਗਿਆ, ਅਤੇ ਪ੍ਰਭੁ ਦੀ ਕਿਰਪਾ ਉਸ ਉੱਤੇ ਸੀ। ਸਫ਼ਾ 3

ਲੂਕਾ 2:41-47 ਉਹ ਦੇ ਮਾਪੇ ਵਰਹੇ ਦੇ ਵਰਹੇ ਪਸਾਹ ਦੇ ਤਿਉਹਾਰ ਉੱਤੇ ਯਰੂਸ਼ਲਮ ਨੂੰ ਜਾਂਦੇ ਹੁੰਦੇ ਸਨ ਅਤੇ ਜਾਂ ਉਹ ਬਾਰਾਂ ਵਰਿਹਾਂ ਦਾ ਹੋਇਆ ਤਾਂ ਓਹ ਤਿਉਹਾਰ ਦੀ ਰੀਤ ਅਨੁਸਾਰ ਗਏ ਅਤੇ ਉਨ੍ਹਾਂ ਦਿਨਾਂ ਨੂੰ ਪੂਰਾ ਕਰ ਕੇ ਜਦ ਮੁੜਨ ਲੱਗੇ ਤਦ ਉਹ ਬਾਲਕ ਯਿਸੂ ਯਰੂਸ਼ਲਮ ਵਿੱਚ ਰਹਿ ਗਿਆ ਪਰ ਉਹ ਦੇ ਮਾਪਿਆਂ ਨੂੰ ਮਲੂਮ ਨਾ ਸੀ ਪਰ ਇਹ ਸਮਝ ਕੇ ਭਈ ਉਹ ਕਾਫਲੇ ਵਿੱਚ ਹੈ ਓਹ ਇੱਕ ਮੰਜ਼ਲ ਗਏ ਤਦ ਉਹ ਨੂੰ ਸਾਕਾਂ ਅਤੇ ਜਾਣ ਪਛਾਣਾਂ ਵਿੱਚ ਭਾਲਿਆ ਅਰ ਜਦ ਉਹ ਨਾ ਲੱਭਾ ਉਹ ਦੀ ਭਾਲ ਵਿੱਚ ਯਰੂਸ਼ਲਮ ਨੂੰ ਮੁੜੇ ਅਤੇ ਐਉਂ ਹੋਇਆ ਜੋ ਉਨ੍ਹਾਂ ਨੇ ਤਿੰਨਾਂ ਦਿਨਾਂ ਪਿੱਛੋਂ ਉਹ ਨੂੰ ਹੈਕਲ ਵਿੱਚ ਗੁਰੂਆਂ ਦੇ ਵਿੱਚਕਾਰ ਬੈਠਿਆਂ ਉਨ੍ਹਾਂ ਦੀ ਸੁਣਦਿਆਂ ਅਤੇ ਉਨ੍ਹਾਂ ਤੋਂ ਪ੍ਰਸ਼ਨ ਕਰਦਿਆਂ ਲੱਭਾ ਅਤੇ ਸਾਰੇ ਸੁਣਨ ਵਾਲੇ ਉਹ ਦੀ ਸਮਝ ਅਤੇ ਉਹ ਦੇ ਉੱਤਰਾਂ ਤੋਂ ਹੈਰਾਨ ਹੋਏ। ਸਫ਼ਾ 3

ਲੂਕਾ 2:52 ਅਤੇ ਯਿਸੂ ਗਿਆਨ ਅਰ ਕੱਦ ਅਰ ਪਰਮੇਸ਼ਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵੱਧਦਾ ਗਿਆ। ਸਫ਼ਾ 3

ਲੂਕਾ 24:1-7 ਪਰ ਹਫਤੇ ਦੇ ਪਹਿਲੇ ਦਿਨ ਅੰਮ੍ਰਿਤ ਵੇਲੇ ਉਹ ਉਨ੍ਹਾਂ ਸੁਗੰਧਾਂ ਨੂੰ ਜਿਹੜੀਆਂ ਤਿਆਰ ਕੀਤੀਆਂ ਸਨ ਲੈਕੇ ਕਬਰ ਉੱਤੇ ਆਈਆਂ ਅਤੇ ਉਨ੍ਹਾਂ ਨੇ ਪੱਥਰ ਨੂੰ ਕਬਰੋਂ ਲਾਂਭੇਂ ਰਿੜ੍ਹਿਆ ਪਿਆ ਹੋਇਆ ਡਿੱਠਾ ਅਤੇ ਅੰਦਰ ਜਾ ਕੇ ਪ੍ਰਭੁ ਯਿਸੂ ਦੀ ਲੋਥ ਨਾ ਪਾਈ ਅਤੇ ਇਉਂ ਹੋਇਆ ਕਿ ਜਾਂ ਓਹ ਇਸ ਦੇ ਕਾਰਨ ਦੁਬਧਾ ਵਿੱਚ ਪਈਆਂ ਤਾਂ ਵੇਖੋ ਦੋ ਪੁਰਸ਼ ਚਮਕੀਲੀ ਪੁਸ਼ਾਕ ਪਹਿਨੀਂ ਉਨ੍ਹਾਂ ਦੇ ਕੋਲ ਆ ਖਲੋਤੇ ਜਾਂ ਓਹ ਡਰਦੀਆਂ ਅਤੇ ਆਪਣੇ ਸਿਰ ਜ਼ਮੀਨ ਦੀ ਵੱਲ ਝੁਕਾਉਂਦੀਆਂ ਸਨ ਤਾ ਉਨ੍ਹਾਂ ਇਨ੍ਹਾਂ ਨੂੰ ਆਖਿਆ, ਤੁਸੀਂ ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ? ਉਹ ਐਥੇ ਹੈ ਨਹੀਂ ਪਰ ਜੀ ਉੱਠਿਆ ਹੈ। ਚੇਤੇ ਕਰੋ ਕਿ ਗਲੀਲ ਵਿੱਚ ਹੁੰਦਿਆਂ ਉਸ ਨੇ ਤੁਹਾਨੂੰ ਕਿੱਕੁਰ ਕਿਹਾ ਸੀ ਭਈ ਮਨੁੱਖ ਦੇ ਪੁੱਤ੍ਰ ਨੂੰ ਪਾਪੀ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਣਾ ਅਤੇ ਸਲੀਬ ਉੱਤੇ ਚੜ੍ਹਾਇਆ ਜਾਣਾ ਅਤੇ ਤੀਏ ਦਿਨ ਜੀ ਉੱਠਣਾ ਜ਼ਰੂਰ ਹੈ। ਸਫ਼ਾ 5

ਲੂਕਾ 24:50-51 ਉਹ ਉਨਾਂ ਨੂੰ ਬਾਹਰ ਬੈਤਅਨੀਆ ਦੇ ਸਾਹਮਣੇ ਲੈ ਗਿਆ ਅਰ ਆਪਣੇ ਹੱਥ ਉਠਾ ਕੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਨੂੰ ਅਸੀਸ ਦੇ ਰਿਹਾ ਸੀ ਤਾਂ ਉਹ ਉਨ੍ਹਾਂ ਤੋਂ ਅਲਗ ਹੋਇਆ ਅਰ ਅਕਾਸ਼ ਉੱਤੇ ਉਠਾਇਆ ਗਿਆ। ਸਫ਼ਾ 5

ਲੂਕਾ 9:60 ਉਸ ਨੇ ਉਹ ਨੂੰ ਆਖਿਆ, ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ ਪਰ ਤੂੰ ਜਾ ਕੇ ਪਰਮੇਸ਼ੁਰ ਦੇ ਰਾਜ ਦੀ ਖਬਰ ਸੁਣਾ। ਸਫ਼ਾ 40

# ਐਮਾਜ਼ਨ ਜਾਂ ਮਸੀਹੀ ਪੁਸਤਕ ਦੁਕਾਨਾਂ ਤੋਂ ਖਰੀਦੇ ਜਾ ਸਕਣ ਵਾਲੇ ਵਧੀਕ ਸ੍ਰੋਤ

- The Rest of the Gospel, Dan Stone and David Gregory
- Classic Christianity, Bob George
- Handbook to Happiness, Charles Solomon
- Ins and Out of Rejection, Charles Solomon
- Lifetime Guarantee, Bill Gillham
- The Normal Christian Life, Watchman Nee
- Sit Walk Stand, Watchman Nee
- Release of the Spirit, Watchman Nee
- Birthright, David Needham
- The True Vine, Andrew Murray
- Abide in Christ, Andrew Murray
- Absolute Surrender, Andrew Murray
- Victory in Christ, Charles Trumbull
- The Key to Triumphant Living, Jack Taylor
- The Saving Life of Christ, W. Ian Thomas
- The Gift of Forgiveness, Charles Stanley
- The Blessing of Brokenness, Charles Stanley
- Adversity, Charles Stanley
- Truefaced, John Lynch
- My Utmost for His Highest (Devotional), Oswald Chambers
- Forgiven Forever, Bob George
- The Grace Awakening, Charles Swindoll
- The Sufficiency of Christ, John MacArther
- Hudson Taylor's Spiritual Secret, Dr. and Mrs. Howard Taylor
- Weekly e-devotional GraceNotes, John Woodward. Available through www.GraceNotebook.com
- For Me to Live is Christ, Group study course, Charles Solomon
- The Cross, Your Victory Today, CD Series by Dr. Charles Stanley (and many other sermons by Dr. Stanley)
- The Shackling of Grace, Lee LeFebre
- The Exchanged Life Conference, CD Series by Lee LeFebre
- Free at Last, Tony Evans
- Dr. Tony Evans (most sermons)
- Gregory Dickow (most sermons)
- Romans: Chapters 5-8, Any Version of the Bible
- www.gracefellowshipintl.com
- www.thelifebookstore.com
- Seeking God through Prayer & Meditation, David Howell
- Fully Alive and Finally Free, David Howell

Place Stamp Here

Prison Evangelism, Inc.
PO Box 571977 Houston,
Texas 77257

**72019**



ਮੈਂ ਥੋੜ੍ਹਾ ਹੋਰ ਗਹਿਰਾਈ ਵਿੱਚ ਜਾਣਾ ਚਾਹੁੰਦਾ ਹਾਂ। ਕਿਰਪਾ ਕਰਕੇ "ਪ੍ਰਾਰਥਨਾ ਅਤੇ ਮਨਨ ਰਾਹੀਂ ਪਰਮੇਸ਼ੁਰ ਨੂੰ ਖੋਜਣਾ" ਦੀ ਇੱਕ ਕਾਪੀ ਭੇਜੋ।




ਨਾਮ ______________________________

ਪਤਾ ______________________________

ਸ਼ਹਿਰ, ਪ੍ਰਾਂਤ, ਪਿੰਨ ਕੋਡ ________________

______________________________

ਕਿਰਪਾ ਕਰਕੇ ਸਾਨੂੰ "ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ" ਬਾਰੇ ਆਪਣੇ ਵਿਚਾਰ ਦੱਸੋ।

______________________________

______________________________

______________________________

______________________________

______________________________

______________________________

______________________________

Prison Evangelism, Inc. PO Box 571977 Houston Texas 77257

# ਪਰਮੇਸ਼ੁਰ ਦੀ ਸੰਤਾਨ ਕਿਵੇਂ ਬਣੀਏ



ਦਰਸਾਈਆਂ ਗਈਆਂ ਇਨ੍ਹਾਂ ਸਧਾਰਣ ਸੱਚਾਈਆਂ ਦਾ ਅਨੁਭਵ ਕਰੋ ਅਤੇ ਸਿੱਖੋ ਕਿ ਪਰਮੇਸ਼ੁਰ ਉੱਤੇ ਭਰੋਸਾ ਅਤੇ ਵਿਸ਼ਵਾਸ ਕਿਵੇਂ ਇੱਕ ਸੰਪੂਰਣ, ਭਰਪੂਰ ਅਤੇ ਜੇਤੂ ਜੀਵਨ ਵੱਲ ਅਗਵਾਈ ਕਰਦਾ ਹੈ।

ਇਸ ਪੁਸਤਕ ਦਾ ਇਸਤੇਮਾਲ ਕਿਵੇਂ ਕਰੀਏ:

- ਪਰਮੇਸ਼ੁਰ ਨਾਲ ਮੇਲ ਲਈ ਇੱਕ ਮਾਰਗ ਅਤੇ ਮਾਰਗ ਦਰਸ਼ਕ ਵਜੋਂ
- ਮੁਕਤੀ ਦੇ ਅਨੁਭਵ ਨੂੰ ਸਮਝਣ ਦੇ ਇੱਕ ਸਾਧਨ ਦੇ ਰੂਪ ਵਿੱਚ
- ਇੱਕ ਵਿਅਕਤੀਗਤ ਜਾਂ ਸਮੂਹਕ ਬਾਈਬਲ ਅਧਿਐਨ ਦੇ ਰੂਪ ਵਿੱਚ (ਬਾਈਬਲ ਦੀਆਂ 223 ਪੂਰੀਆਂ ਆਇਤਾਂ ਸ਼ਾਮਲ ਹਨ)
- ਉਦਾਹਰਣਾਂ ਅਤੇ ਬਾਈਬਲ ਦੀਆਂ ਆਇਤਾਂ ਦੀ ਵਰਤੋਂ ਕਰਦਿਆਂ, 30-ਦਿਨ ਦੀ ਬੰਦਗੀ ਅਤੇ ਮਣਨ ਲਈ

ਲੇਖਕ ਡੇਵਿਡ ਹਾਵਲ ਪਰਮੇਸ਼ੁਰ ਦਾ ਨਵਾਂ ਜਨਮ ਪਾਇਆ ਬੱਚਾ ਹੈ। ਇਸ ਪੁਸਤਕ ਵਿੱਚ ਦਿੱਤੀ ਜਾਣਕਾਰੀ ਉਸ ਅਨੁਭਵ, ਤਾਕਤ ਅਤੇ ਉਮੀਦ ਨੂੰ ਦਰਸਾਉਂਦੀ ਹੈ ਜੋ ਉਸ ਨੂੰ ਕਈ ਸਾਲ ਸਵੈ-ਕੇਂਦ੍ਰਤ ਅਤੇ ਸਵੈ-ਸਮਾਈ ਜੀਵਨ ਜਿਉਣ ਬਾਅਦ, ਯਿਸੂ ਮਸੀਹ ਦੁਆਰਾ ਦਿੱਤੀ ਗਈ। ਉਦਾਹਰਣਾਂ, ਆਇਤਾਂ ਅਤੇ ਪਾਠ ਦੁਆਰਾ; ਹਾਵਲ ਵਿਖਾਉਂਦਾ ਹੈ ਕਿ ਕਿਵੇਂ ਯਿਸੂ ਮਸੀਹ ਉੱਤੇ ਵਿਸ਼ਵਾਸ ਅਤੇ ਉਸ ਬਾਰੇ ਸਮਝ ਅਤੇ ਮੁਕਤੀ ਦਾ ਅਨੁਭਵ, ਇਸ ਧਰਤੀ ਉੱਤੇ ਪਰਮੇਸ਼ੁਰ ਦੇ ਨਾਲ ਜੇਤੂ, ਭਰਪੂਰ ਜੀਵਨ ਅਤੇ ਸ਼ਾਂਤੀ ਵੱਲ ਅਗਵਾਈ ਕਰ ਸਕਦਾ ਹੈ।

ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤ੍ਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ। ਗਲਾਤੀਆਂ 2:20

ISBN 978-0-578-14157-2
90000>
9 780578 141572